ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 90 Thursday, May 14, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਲਾਂਗ ਟਰਮ ਕੇਅਰ ਹੋਮਜ਼ ਬਾਰੇ ਓਨਟਾਰੀਓ ਸਰਕਾਰ ਨੇ ਜਾਰੀ ਕੀਤੇ ਨਵੇਂ ਐਮਰਜੰਸੀ ਆਰਡਰ

ਓਨਟਾਰੀਓ, 13 ਮਈ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਬੁੱਧਵਾਰ ਨੂੰ ਨਵੇਂ ਐਮਰਜੰਸੀ ਆਰਡਰ ਜਾਰੀ ਕਰਦਿਆਂ ਹੋਇਆਂ ਕੋਵਿਡ-19 ਆਊਟਬ੍ਰੇਕਸ ਕਾਰਨ ਸੰਘਰਸ਼ ਕਰ ਰਹੇ ਲਾਂਗ ਟਰਮ ਕੇਅਰ ਹੋਮਜ਼ ਵਿੱਚ ਆਰਜ਼ੀ ਤੌਰ ਉੱਤੇ ਮੈਨੇਜਮੈਂਟ ਨੂੰ ਹੀ ਬਦਲੀ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਪਰ ਪ੍ਰੋਵਿੰਸ ਦੀ ਸਿਹਤ ਮੰਤਰੀ ਨੇ ਆਖਿਆ ਕਿ ਹਾਲ ਦੀ ਘੜੀ ਅਜਿਹੇ ਵਿਆਪਕ ਪ੍ਰਬੰਧਾਂ ਦੀ ਲੋੜ ਨਹੀਂ।



ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਨਵੇਂ ਮਾਪਦੰਡ ਅਜਿਹੀਆਂ ਫੈਸਿਲਿਟੀਜ਼ ਵਿੱਚ ਕਮਜ਼ੋਰ ਸੀਨੀਅਰਜ਼ ਲਈ ਹਿਫਾਜ਼ਤ ਨੂੰ ਮਜ਼ਬੂਤ ਕਰਨ ਵਾਸਤੇ ਅਪਨਾਏ ਜਾ ਰਹੇ ਹਨ। ਇਸ ਦੇ ਨਾਲ ਹੀ ਇਹ ਵੀ ਯਕੀਨੀ ਬਣਾਉਣ ਦੀ ਕੋਸ਼ਿਸ਼ ਹੈ ਕਿ ਜੇ ਕਿਸੇ ਹੋਮ ਨੂੰ ਫੌਰੀ ਲੋੜ ਪੈਂਦੀ ਹੈ ਤਾਂ ਪ੍ਰੋਵਿੰਸ ਤੇਜ਼ੀ ਨਾਲ ਕੰਮ ਕਰ ਸਕੇ। ਤਾਜ਼ਾ ਸਰਕਾਰੀ ਡਾਟਾ ਅਨੁਸਾਰ ਪ੍ਰੋਵਿੰਸ ਵਿੱਚ 1200 ਤੋਂ ਵੀ ਵੱਧ ਲਾਂਗ ਟਰਮ ਕੇਅਰ ਰੈਜ਼ੀਡੈਂਟਸ ਦੀ ਕੋਵਿਡ-19 ਕਾਰਨ ਮੌਤ ਹੋ ਚੁੱਕੀ ਹੈ ਤੇ 180 ਹੋਮਜ਼ ਵਿੱਚ ਵਾਇਰਸ ਆਊਟਬ੍ਰੇਕਸ ਹੋਈਆਂ ਹਨ।

ਇਨ੍ਹਾਂ ਹੁਕਮਾਂ ਤਹਿਤ ਪ੍ਰੋਵਿੰਸ ਉਸ ਸੂਰਤ ਵਿੱਚ ਦਖਲ ਦੇਵੇਗੀ ਜੇ ਕਿਸੇ ਫੈਸਿਲਿਟੀ ਵਿੱਚ ਇਨਫੈਕਸ਼ਨਜ਼ ਜਾਂ ਮੌਤਾਂ ਦਾ ਅੰਕੜਾ ਵੱਧ ਹੋਵੇਗਾ ਜਾਂ ਫਿਰ ਉੱਥੇ ਸਟਾਫ ਦੀ ਕਿੱਲਤ ਹੋਵੇਗੀ। ਪ੍ਰੋਵਿੰਸ ਨੇ ਆਖਿਆ ਕਿ ਨਿਯੁਕਤ ਕੀਤਾ ਮੈਨੇਜਰ ਕੋਈ ਵਿਅਕਤੀ, ਕਾਰਪੋਰੇਸ਼ਨ ਜਾਂ ਹਸਪਤਾਲ ਹੋ ਸਕਦਾ ਹੈ। ਪਰ ਐਲੀਅਟ ਨੇ ਆਖਿਆ ਕਿ ਹੁਕਮਾਂ ਦੀ ਸ਼ਬਦਾਵਲੀ ਤੋਂ ਇਹ ਮਤਲਬ ਨਹੀਂ ਹੈ ਕਿ ਬਹੁਤੇ ਘਰਾਂ ਦਾ ਨਿਯੰਤਰਣ ਆਰਜ਼ੀ ਤੌਰ ਉੱਤੇ ਹੀ ਸਹੀ ਮੁਨਾਫਾ ਕਮਾਉਣ ਵਾਲੀਆਂ ਕਾਰਪੋਰੇਸ਼ਨਾਂ ਨੂੰ ਦੇ ਦਿੱਤਾ ਜਾਵੇਗਾ।

## ਕੈਨੇਡਾ ਤੇ ਅਮਰੀਕੀ ਸਰਹੱਦ 'ਤੇ ਸਕਰੀਨਿੰਗ ਲਈ ਵਰਤੇ ਜਾਣਗੇ ਸਖ਼ਤ ਨਿਯਮ

ਓਟਵਾ, 13 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਅਮਰੀਕਾ ਤੋਂ ਕੈਨੇਡਾ ਦਾਖਲ ਹੋਣ ਵਾਲੇ ਲੋਕਾਂ ਦੀ ਗਿਣਤੀ ਨੂੰ ਨਿਯੰਤਰਣ ਵਿਚ ਰਖਣ ਲਈ ਕੈਨੇਡਾ ਸਖਤ ਸਕਰੀਨਿੰਗ ਮਾਪਦੰਡ ਅਪਨਾਵੇਗਾ।



ਅਗਲੇ ਹਫਤੇ ਗੈਰ ਜਰੂਰੀ ਆਵਾਜਾਈ ਸਬੰਧੀ ਪਾਬੰਦੀ ਖਤਮ ਹੋਣ ਜਾ ਰਹੀ ਹੈ ਤੇ ਉਸ ਤੋਂ ਬਾਅਦ ਕੀ ਕੈਨੇਡਾ ਅਮਰੀਕੀ ਸਰਹਦ ਨੂੰ ਖੋਲ੍ਹ ਦਿਤਾ ਜਾਵੇਗਾ ਇਸ ਬਾਰੇ ਪ੍ਰਧਾਨ ਮੰਤਰੀ ਨੇ ਕੁਝ ਨਹੀਂ ਆਖਿਆ। ਟਰੂਡੋ ਨੇ ਆਖਿਆ ਕਿ ਫੈਡਰਲ ਸਰਕਾਰ ਕਰਾਸ ਬਾਰਡਰ ਟਰੈਫਿਕ ਵਿਚ ਹੋਣ ਵਾਲੇ ਵਾਧੇ ਨੂੰ ਲੈ ਕੇ ਲੋੜੋਂ ਵਧ ਚੌਕਸੀ ਤੋਂ ਕੰਮ ਲੈ ਰਹੀ ਹੈ। ਇਥੇ ਇਹ ਵੀ ਦਸਣਾ ਬਣਦਾ ਹੈ ਕਿ ਹੁਣ ਦੋਵਾਂ ਦੇਸਾਂ ਵਿਚ ਕਾਰੋਬਾਰ ਮੁੜ ਖੁਲ੍ਹ ਰਹੇ ਹਨ ਤੇ ਹੋਰਨਾਂ ਪਾਬੰਦੀਆਂ ਵਿਚ ਵੀ ਢਿਲ ਦਿਤੀ ਜਾ ਰਹੀ ਹੈ।

ਕੁਝ ਪ੍ਰੋਵਿੰਸੀਅਲ ਪ੍ਰੀਮੀਅਰਜ, ਜਿਨ੍ਹਾਂ ਵਿਚ ਓਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਵੀ ਸਾਮਲ ਹਨ, ਨੇ ਆਖਿਆ ਕਿ ਉਹ ਵਾਇਰਸ ਫੈਲਣ ਦੇ ਡਰ ਤੋਂ ਅਮਰੀਕੀ ਵਿਜਿਟਰਸ ਨੂੰ ਇਧਰ ਨਹੀਂ ਆਉਣ ਦੇਣਾ ਚਾਹੁੰਦੀ। ਇਥੇ ਇਹ ਵੀ ਦਸਣਾ ਬਣਦਾ ਹੈ ਕਿ ਬਾਰਡਰ ਤੋਂ ਪਾਰ ਵਾਇਰਸ ਦਾ ਕਾਫੀ ਜੋਰ ਦਸਿਆ ਜਾਂਦਾ ਹੈ।

## ਓਨਟਾਰੀਓ ਵਿੱਚ ਕਰੋਨਾ ਵਾਇਰਸ ਦੇ 329 ਮਾਮਲਿਆਂ ਦੀ ਹੋਈ ਪੁਸ਼ਟੀ



ਓਨਟਾਰੀਓ, 13 ਮਈ (ਪੋਸਟ ਬਿਊਰੋ) : ਬੁੱਧਵਾਰ ਨੂੰ ਓਨਟਾਰੀਓ ਵੱਲੋਂ ਕਰੋਨਾਵਾਇਰਸ ਦੇ 329 ਨਵੇਂ ਮਾਮਲਿਆਂ ਦੀ ਪੁਸ਼ਟੀ ਕੀਤੀ ਗਈ। ਮੰਗਲਵਾਰ ਨੂੰ ਰਿਪੋਰਟ ਕੀਤੇ ਗਏ 361 ਮਾਮਲਿਆਂ ਨਾਲੋਂ ਨਵੇਂ ਮਾਮਲਿਆਂ ਵਿੱਚ ਮਾਮੂਲੀ ਕਮੀ ਦਰਜ ਕੀਤੀ ਗਈ। ਘਟ ਰਹੇ ਕੋਵਿਡ-19 ਦੇ ਮਾਮਲਿਆਂ ਕਾਰਨ ਅਰਥਚਾਰਾ ਮੁੜ ਖੁੱਲ੍ਹਣ ਦੀ ਆਸ ਹੋਰ ਪੱਕੀ ਹੋ ਗਈ ਹੈ।

ਇਸ ਦੌਰਾਨ 40 ਲੋਕਾਂ ਦੀ ਹੋਰ ਮੌਤ ਹੋ ਗਈ। ਇਸ ਨਾਲ ਮਰਨ ਵਾਲਿਆਂ ਦੀ ਕੁੱਲ ਗਿਣਤੀ 1765 ਤੱਕ ਅੱਪੜ ਗਈ ਹੈ। ਮਰਨ ਵਾਲੇ 1765 ਲੋਕਾਂ ਵਿੱਚੋਂ 814 ਲਾਂਗ ਟਰਮ ਕੇਅਰ ਹੋਮਜ਼ ਵਿੱਚ ਰਹਿਣ ਵਾਲੇ ਸਨ। ਇਸ ਦਾ ਖੁਲਾਸਾ ਪਬਲਿਕ ਹੈਲਥ ਓਨਟਾਰੀਓ ਵੱਲੋਂ ਕੀਤਾ ਗਿਆ। ਪਰ ਲਾਂਗ ਟਰਮ ਕੇਅਰ ਮੰਤਰਾਲੇ ਦੀਆਂ ਰਿਪੋਰਟਾਂ ਅਨੁਸਾਰ ਲਾਂਗ ਟਰਮ ਕੇਅਰ ਹੋਮਜ਼ ਵਿੱਚ ਮਰਨ ਵਾਲਿਆਂ ਦੀ ਗਿਣਤੀ 1269 ਹੈ।

ਲੋਕਾਂ ਦੇ ਹਸਪਤਾਲ ਵਿੱਚ ਭਰਤੀ ਹੋਣ ਦਾ ਸਿਲਸਿਲਾ ਵੀ ਮੱਠਾ ਪਿਆ ਹੈ ਤੇ ਇਨਟੈਂਸਿਵ ਕੇਅਰ ਅਤੇ ਵੈਂਟੀਲੇਟਰਜ਼ ਉੱਤੇ ਰਹਿਣ ਵਾਲਿਆਂ ਦੀ ਗਿਣਤੀ ਵੀ ਮੁਕਾਬਲਤਨ ਘਟੀ ਹੈ। ਇੱਕ ਦਿਨ ਪਹਿਲਾਂ ਇੱਥੇ 15,137 ਟੈਸਟ ਕੀਤੇ ਗਏ, ਇਨ੍ਹਾਂ ਵਿੱਚੋਂ 13,400 ਦੀ ਜਾਂਚ ਅਜੇ ਵੀ ਚੱਲ ਰਹੀ ਹੈ।

## ਕੈਨੇਡਾ ਤੇ ਅਮਰੀਕਾ ਵੱਲੋਂ 21 ਜੂਨ ਤੱਕ ਵਧਾਈ ਜਾ ਸਕਦੀ ਹੈ ਸਰਹੱਦੀ ਆਵਾਜਾਈ ਉੱਤੇ ਪਾਬੰਦੀ



ਓਟਵਾ, 13 ਮਈ (ਪੋਸਟ ਬਿਊਰੋ) : ਕੈਨੇਡਾ ਅਤੇ ਅਮਰੀਕਾ ਵੱਲੋਂ 21 ਜੂਨ ਤੱਕ ਆਪਣੀਆਂ ਸਰਹੱਦਾਂ ਨੂੰ ਗੈਰ ਜ਼ਰੂਰੀ ਆਵਾਜਾਈ ਲਈ ਹੋਰ ਬੰਦ ਰੱਖਣ ਦਾ ਫੈਸਲਾ ਕੀਤਾ ਜਾ ਸਕਦਾ ਹੈ। ਇਹ ਜਾਣਕਾਰੀ ਦੋਵਾਂ ਦੇਸ਼ਾਂ ਦੇ ਸੂਤਰਾਂ ਵੱਲੋਂ ਬੁੱਧਵਾਰ ਨੂੰ ਦਿੱਤੀ ਗਈ।


ਇਸ ਤੋਂ ਪਹਿਲਾਂ ਦੋਵਾਂ ਮੁਲਕਾਂ ਵੱਲੋਂ 18 ਅਪਰੈਲ ਨੂੰ ਸਰਹੱਦ ਨੂੰ 21 ਮਈ ਤੱਕ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਸੀ। ਪਰ ਹੁਣ ਜਦੋਂ ਅਜੇ ਤੱਕ ਕੋਵਿਡ-19 ਦੇ ਮਾਮਲਿਆਂ ਵਿੱਚ ਕੋਈ ਕਮੀ ਨਹੀਂ ਆਈ ਹੈ ਤਾਂ ਕੈਨੇਡਾ ਵੱਲੋਂ ਇਨ੍ਹਾਂ ਹੁਕਮਾਂ ਨੂੰ ਇੱਕ ਮਹੀਨੇ ਲਈ ਹੋਰ ਵਧਾਉਣ ਵਾਸਤੇ ਦਬਾਅ ਪਾਇਆ ਜਾ ਰਿਹਾ ਹੈ।

ਕੈਨੇਡੀਅਨ ਸਰਕਾਰ ਦੇ ਸਰੋਤ ਨੇ ਅਮਰੀਕਾ ਨਾਲ ਇਸ ਸਬੰਧੀ ਹੋਈ ਗੱਲਬਾਤ ਨੂੰ ਸਕਾਰਾਤਮਕ ਦੱਸਦਿਆਂ ਆਖਿਆ ਕਿ ਹਾਲ ਦੀ ਘੜੀ ਪਾਬੰਦੀਆਂ ਚੁੱਕਣਾ ਕਾਫੀ ਜਲਦਬਾਜ਼ੀ ਵਾਲਾ ਫੈਸਲਾ ਹੋਵੇਗਾ, ਇਸੇ ਲਈ ਅਸੀਂ ਇਨ੍ਹਾਂ ਪਾਬੰਦੀਆਂ ਵਿੱਚ ਵਾਧੇ ਲਈ ਕੰਮ ਕਰ ਰਹੇ ਹਾਂ। ਵਾਸ਼ਿੰਗਟਨ ਵਿੱਚ ਅਮਰੀਕੀ ਅਧਿਕਾਰੀ ਵੱਲੋਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਦੋਵੇਂ ਧਿਰਾਂ ਇਨ੍ਹਾਂ ਪਾਬੰਦੀਆਂ ਵਿੱਚ 30 ਦਿਨ ਦੇ ਵਾਧੇ ਲਈ ਸਹਿਮਤ ਹਨ।

ਮੰਗਲਵਾਰ ਨੂੰ ਚੀਫ ਕੈਨੇਡੀਅਨ ਪਬਲਿਕ ਹੈਲਥ ਅਧਿਕਾਰੀ ਨੇ ਆਖਿਆ ਸੀ ਕਿ ਅਮਰੀਕਾ ਵਿੱਚ ਤੇਜ਼ੀ ਨਾਲ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧਾ ਹੋ ਰਿਹਾ ਹੈ ਤੇ ਇਸ ਲਈ ਉਸ ਨਾਲ ਕੈਨੇਡਾ ਨੂੰ ਵੀ ਖਤਰਾ ਹੈ।

## ਗੌਲਫ ਕੋਰਸਿਜ਼ ਖੋਲ੍ਹਣ ਦਾ ਐਲਾਨ ਕਰ ਸਕਦੇ ਹਨ ਫੋਰਡ!

ਓਨਟਾਰੀਓ, 13 ਮਈ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਵੱਲੋਂ ਵੀਰਵਾਰ ਨੂੰ ਕੀਤੀ ਜਾਣ ਵਾਲੀ ਨਿਊਜ਼ ਕਾਨਫਰੰਸ ਵਿੱਚ ਓਨਟਾਰੀਓ ਦੇ ਗੌਲਫ ਕੋਰਸਿਜ਼ ਮੁੜ ਖੋਲ੍ਹੇ ਜਾਣ ਦਾ ਐਲਾਨ ਕੀਤਾ ਜਾ ਸਕਦਾ ਹੈ।



ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹ ਗੌਲਫ ਕੋਰਸਿਜ਼ ਲਾਂਗ ਵੀਕੈਂਡ ਉੱਤੇ ਖੋਲ੍ਹੇ ਜਾਣਗੇ ਜਾਂ ਨਹੀਂ। ਪ੍ਰੀਮੀਅਰ ਦੇ ਆਫਿਸ ਵੱਲੋਂ ਇਸ ਖਬਰ ਉੱਤੇ ਟਿੱਪਣੀ ਕਰਨ ਤੋਂ ਇਹ ਕਹਿੰਦਿਆਂ ਹੋਇਆਂ ਇਨਕਾਰ ਕਰ ਦਿੱਤਾ ਗਿਆ ਕਿ ਉਨ੍ਹਾਂ ਕੋਲ ਇਸ ਬਾਰੇ ਅਜੇ ਕੋਈ ਵੇਰਵੇ ਨਹੀਂ ਹਨ। ਗੌਲਫ ਕੋਰਸਿਜ਼ ਵਿੱਚ ਵੀ ਸੋਸ਼ਲ ਡਿਸਟੈਂਸਿੰਗ ਸਬੰਧੀ ਮਾਪਦੰਡ ਅਪਣਾਏ ਜਾਣੇ ਜ਼ਰੂਰੀ ਹੋਣਗੇ। ਜਿਸ ਤੋਂ ਭਾਵ ਹੈ ਕਿ ਬਹੁਤੇ ਟੂਰਨਾਮੈਂਟ ਨਹੀਂ ਹੋ ਸਕਣਗੇ।

ਦੋ ਹਫਤੇ ਪਹਿਲਾਂ ਫੋਰਡ ਸਰਕਾਰ ਨੇ ਆਖਿਆ ਸੀ ਕਿ ਗੌਲਫ ਕੋਰਸਿਜ਼ ਨੂੰ ਖੋਲ੍ਹਿਆ ਜਾ ਸਕਦਾ ਹੈ। ਪਰ ਫੋਰਡ ਨੇ ਇਹ ਵੀ ਸੰਕੇਤ ਦਿੱਤਾ ਸੀ ਕਿ ਇਸ ਸਬੰਧ ਵਿੱਚ ਉਹ ਕੋਈ ਵੀ ਫੈਸਲਾ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਡੇਵਿਡ ਵਿਲੀਅਮਜ਼ ਤੇ ਹੈਲਥ ਟੀਮ ਦੇ ਹੋਰਨਾਂ ਮੈਂਬਰਾਂ ਦੀ ਸਲਾਹ ਨਾਲ ਹੀ ਕਰਨਗੇ।


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

(905)793-2202
You can Place Your Business Here
To Reach Wider Audience

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HSBA Tax Services
20% Discount For Students, New Immigrants and Senior Citizens
- Personal / Corporation Tax
- Accounting / Bookkeeping
- Business Registrations
- HST/WSIB/Payroll
- Financial Statements/Audits
- Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

DHINDSA LAW
Barrister, Solicitor & Notary Public
- Criminal and Family Law
- Immigration
- Real Estate
- Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood) | 330 Highway 7 E, Suite 309, Richmond Hill- L4B 3P8
Call: 437 998 1429

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

- Super Visa Insurance
- Visitor Visa Insurance
- Travel Insurance
- Student Insurance
- New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


afc
ASIAN FOOD CENTRE
FRESH & LARGE VARIETY
Bread , Derry & Eggs
Fruits & Vegetables
Sweet & Samosas
Branded Foods
Beverages & Confectionery
Grocery & Staples
VEGETARIAN FOOD
HEALTHY EATING
SERVING FROM 10 LOCATIONS IN ALL THE GTA AREA:
10 Westmore Drive
Etobicoke ON M9V-3Z7
416-740-3262
2120 North park Drive
Brampton ON L6S 0C9
905-793-1338
10510 Torbram Road,
Brampton
905-790-0030
308 Eddystone Ave
North York ON M3N-1H7
416-740-3360
621 Wanless drive, # 122
Brampton ON L7A 0A9
905-495-3336
284 Orenda Road #13
Brampton ON L6T 5S3
905-450-9167
10 Pannahill Dr,
Brampton
905 913-8017
80 Pertosa Drive
Brampton ON L5X-5E9
905-460-0009
1075 Ceremonial Drive
Mississauga ON L5R 2Z4
905-502-1600
21 Lacoste Blvd,
Brampton, ON L6P 2K2
905 794-8109

## ਅੱਜ ਨਾਮਾ

ਕਰਿਆ ਦਾਅਵਾ ਸਰਕਾਰ ਤਾਂ ਹਿੰਦ ਦੀ ਨੇ,
ਕੀਤੀ ਜਨਤਾ ਦੀ ਮਦਦ ਸਭ ਜਾਊਗੀ ਜੀ।
ਇਲਾਜ ਕਰਨ ਲਈ ਕਰੂ ਉਹ ਮਦਦ ਪੂਰੀ,
ਖਰਚੇ ਵਾਲੀ ਕੋਈ ਤੋਟ ਨਹੀਂ ਆਊਗੀ ਜੀ।
ਘਰਾਂ ਦੇ ਅੰਦਰ ਆ ਤੜੇ ਪਏ ਲੋਕ ਜਿਹੜੇ,
ਘਰ ਵਿੱਚ ਉਨ੍ਹਾਂ ਨੂੰ ਰਾਸ਼ਣ ਪੁਚਾਊਗੀ ਜੀ।
ਸਾਰਿਆਂ ਰਾਜਾਂ ਲਈ ਫੰਡਾਂ ਦਾ ਜਾਊ ਗੱਫਾ,
ਸਿਆਸਤ ਵਿੱਚ ਨਹੀਂ ਕਦੇ ਫਸਾਊਗੀ ਜੀ।
ਫਿਰ ਵੀ ਫੰਡਾਂ ਦਾ ਗੱਫਾ ਜਦ ਆਉਣ ਲੱਗਾ,
ਹਰ ਥਾਂ ਵਿਤਕਰੇ ਦਾ ਰਹਿੰਦਾ ਦੋਸ਼ ਲੱਗਦਾ।
ਜਿਸ ਨੂੰ ਘੱਟ ਮਿਲਦਾ, ਉਹ ਤਾਂ ਰੋਈ ਜਾਵੇ,
ਜੀਹਨੂੰ ਵੱਧ ਮਿਲਦਾ, ਉਹ ਖਾਮੋਸ਼ ਲੱਗਦਾ।

ਤੀਸ ਮਾਰ ਖਾਂ

# ਊਬਰ ਨੇ ਜਾਰੀ ਕੀਤੀਆਂ ਨਵੀਆਂ ਪ੍ਰੋਟੋਕਾਲਜ਼: ਡਰਾਈਵਰਾਂ ਤੇ ਸਵਾਰੀਆਂ ਲਈ ਮਾਸਕ ਪਾਉਣਾ ਹੋਵੇਗਾ ਲਾਜ਼ਮੀ

ਓਟਵਾ, 13 ਮਈ (ਪੋਸਟ ਬਿਊਰੋ) : ਊਬਰ ਟੈਕਨੋਲਾਜੀਜ਼ ਇਨਕਾਰਪੋਰੇਸ਼ਨ ਵੱਲੋਂ ਅਗਲੇ ਸੋਮਵਾਰ ਤੋਂ ਡਰਾਈਵਰਾਂ, ਕੋਰੀਅਰਜ਼ ਤੇ ਯਾਤਰੀਆਂ ਲਈ ਮਾਸਕ ਪਾਉਣ ਦਾ ਨਿਯਮ ਲਾਗੂ ਕੀਤਾ ਜਾ ਰਿਹਾ ਹੈ। ਕੈਨੇਡਾ ਵਿੱਚ ਫੈਲੀ ਕੋਵਿਡ-19 ਮਹਾਂਮਾਰੀ ਤੋਂ ਬਚਣ ਲਈ ਕੰਪਨੀ ਵੱਲੋਂ ਇਹ ਨਵੇਂ ਨਿਯਮ ਅਪਣਾਏ ਜਾ ਰਹੇ ਹਨ।




ਸੈਨ ਫਰਾਂਸਿਸਕੋ ਸਥਿਤ ਇਸ ਕੰਪਨੀ ਦਾ ਕਹਿਣਾ ਹੈ ਕਿ ਡਰਾਈਵਰ ਉਸ ਸਮੇਂ ਤੱਕ ਕੋਈ ਸਵਾਰੀ ਨਹੀਂ ਚੁੱਕ ਸਕਣਗੇ ਜਦੋਂ ਤੱਕ ਉਹ ਇਹ ਪੁਸ਼ਟੀ ਨਹੀਂ ਕਰ ਦਿੰਦੇ ਕਿ ਉਨ੍ਹਾਂ ਮਾਸਕ ਪਾਇਆ ਹੋਇਆ ਹੈ। ਇਹ ਸੱਭ ਊਬਰ ਐਪ ਵੱਲੋਂ ਤਿਆਰ ਕੀਤੇ ਗਏ ਫੋਟੋ ਰਿਕੋਗਨਿਸ਼ਨ ਸਾਫਟਵੇਅਰ ਰਾਹੀਂ ਕਰਨਾ ਯਕੀਨੀ ਬਣਾਇਆ ਜਾਵੇਗਾ। ਡਰਾਈਵਰਾਂ ਨੂੰ ਕੁੱਝ ਹੋਰ ਸ਼ਰਤਾਂ ਵੀ ਮੰਨਣੀਆਂ ਹੋਣਗੀਆਂ ਤੇ ਇਹ ਯਕੀਨ ਦਿਵਾਉਣਾ ਹੋਵੇਗਾ ਕਿ ਉਨ੍ਹਾਂ ਨੂੰ ਕੋਵਿਡ-19 ਦੇ ਕੋਈ ਲੱਛਣ ਨਹੀਂ ਹਨ, ਉਨ੍ਹਾਂ ਵੱਲੋਂ ਆਪਣੀ ਗੱਡੀ ਨੂੰ ਨਿਯਮਤ ਤੌਰ ਉੱਤੇ ਡਿਸਇਨਫੈਕਟ ਕੀਤਾ ਜਾ ਰਿਹਾ ਹੈ ਤੇ ਆਪਣੇ ਹੱਥ ਵਾਰੀ ਵਾਰੀ ਧੋਤੇ ਜਾ ਰਹੇ ਹਨ।

ਯਾਤਰੀਆਂ ਤੇ ਡਰਾਈਵਰਾਂ ਨੂੰ ਉਸ ਸੂਰਤ ਵਿੱਚ ਰਾਈਡ ਰੱਦ ਕਰਨ ਦਾ ਅਖ਼ਤਿਆਰ ਹੋਵੇਗਾ ਜੇ ਗੱਡੀ ਚਲਾਉਣ ਵਾਲੇ ਜਾਂ ਗੱਡੀ ਵਿੱਚ ਦਾਖਲ ਹੋਣ ਵਾਲੇ ਨੇ ਮਾਸਕ ਨਹੀਂ ਪਾਇਆ ਹੋਵੇਗਾ। ਜੇ ਕੋਈ ਵਿਅਕਤੀ ਆਪਣੇ ਟਰਿੱਪ ਦੇ ਅੱਧ ਵਿੱਚ ਹੀ ਮਾਸਕ ਉਤਾਰਦਾ ਹੈ ਤਾਂ ਵੀ ਰਾਈਡ ਕੈਂਸਲ ਕੀਤੀ ਜਾ ਸਕੇਗੀ। ਇਸ ਦੇ ਨਾਲ ਹੀ ਊਬਰ ਨੂੰ ਵੀ ਰਾਈਡ ਰੇਟ ਕਰਨ ਸਮੇਂ ਇਸ ਬਾਰੇ ਦੱਸਿਆ ਜਾ ਸਕੇਗਾ। ਕਿਸੇ ਵੀ ਯਾਤਰੀ ਨੂੰ ਸਾਹ-ਮਣੇ ਵਾਲੀ ਸੀਟ ਉੱਤੇ ਬੈਠਣ ਦੀ ਇਜਾਜ਼ਤ ਨਹੀਂ ਹੋਵੇਗੀ। ਊਬਰ ਐਕਸ ਤੇ ਐਕਸਐਲ ਰਾਈਡਜ਼ ਵਿੱਚ ਤਿੰਨ ਤੋਂ ਵੱਧ ਸਵਾਰੀਆਂ ਨਹੀਂ ਬੈਠ ਸਕਣਗੀਆਂ।

ਊਬਰ ਈਟਸ ਕੋਰੀਅਰਜ਼ ਵੀ ਫਿਜ਼ੀਕਲ ਡਿਸਟੈਂਸਿੰਗ ਦੀ ਪਾਲਣਾ ਨਾ ਕਰਨ ਵਾਲੇ ਰੈਸਟੋਰੈਂਟਸ ਤੇ ਜਿਨ੍ਹਾਂ ਰੈਸਟੋਰੈਂਟਸ ਵਿੱਚ ਜ਼ਿਆਦਾ ਉਡੀਕ ਕਰਨੀ ਪੈਂਦੀ ਹੈ, ਬਾਰੇ ਊਬਰ ਨੂੰ ਜਾਣਕਾਰੀ ਦੇ ਸਕਣਗੇ। ਇਸੇ ਤਰ੍ਹਾਂ ਰੈਸਟੋਰੈਂਟਸ ਵੀ ਊਬਰ ਨੂੰ ਦੱਸ ਸਕਣਗੇ ਕਿ ਕਿਸ ਸਮੇਂ ਕਿਸੇ ਕੋਰੀਅਰ ਨੇ ਮਾਸਕ ਨਹੀਂ ਸੀ ਪਾਇਆ ਜਾਂ ਪ੍ਰੋਟੋਕਾਲ ਦਾ ਧਿਆਨ ਨਹੀਂ ਰੱਖਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਨੌਰਥ ਯੌਰਕ ਜਨਰਲ ਹਸਪਤਾਲ ਲਈ ਗੁਰਸਿੱਖ ਸਭਾ ਕੈਨੇਡਾ ਦੇਵੇਗੀ 75000 ਡਾਲਰ

## ਕੌਮਾਂਤਰੀ ਵਿਦਿਆਰਥੀਆਂ, ਲੋੜਵੰਦਾਂ ਲਈ ਫੂਡ ਤੇ ਗਰੌਸਰੀ ਵੀ ਮੁਹੱਈਆ ਕਰਵਾਈ ਜਾਵੇਗੀ



ਓਨਟਾਰੀਓ, 13 ਮਈ (ਪੋਸਟ ਬਿਊਰੋ) : ਗੁਰਸਿੱਖ ਸਭਾ ਕੈਨੇਡਾ ਵੱਲੋਂ ਇੱਕ ਪ੍ਰੈਸ ਰਲੀਜ਼ ਜਾਰੀ ਕਰਕੇ ਇਹ ਆਖਿਆ ਗਿਆ ਕਿ ਇਸ ਸਮੇਂ ਅਸੀਂ ਸਾਰੇ ਹੀ ਕੋਵਿਡ-19 ਮਹਾਂਮਾਰੀ ਕਾਰਨ ਸੰਕਟ ਦੀ ਘੜੀ ਵਿੱਚੋਂ ਲੰਘ ਰਹੇ ਹਾਂ, ਇਨ੍ਹਾਂ ਵੇਲਿਆਂ ਵਿੱਚ ਇਹ ਸਾਡੀ ਸਭਨਾਂ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸੀਂ ਇਸ ਨੂੰ ਮਾਤ ਦੇਣ ਲਈ ਇੱਕਜੁੱਟ ਹੋ ਕੇ ਲੜਾਈ ਲੜੀਏ।

ਇਸ ਰਲੀਜ਼ ਵਿੱਚ ਆਖਿਆ ਗਿਆ ਕਿ ਭਾਵੇਂ ਹਾਲ ਦੀ ਘੜੀ ਸੰਗਤ ਦੀ ਸੇਫਟੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਤੇ ਸਰਕਾਰ ਦੇ ਹੁਕਮਾਂ ਅਨੁਸਾਰ ਗੁਰਦੁਆਰਾ ਆਰਜ਼ੀ ਤੌਰ ਉੱਤੇ ਬੰਦ ਹੈ ਪਰ ਗੁਰਸਿੱਖ ਸਭਾ ਕੈਨੇਡਾ ਸਕਾਰਬੌਰੋ ਗੁਰਦੁਆਰੇ ਦੀ ਸੰਗਤ ਵੱਲੋਂ ਕਿਸੇ ਵੀ ਲੋੜਵੰਦ, ਫਿਰ ਭਾਵੇਂ ਉਹ ਕੌਮਾਂਤਰੀ ਵਿਦਿਆਰਥੀ ਹੋਣ ਜਾਂ ਕਮਜ਼ੋਰ ਲੋਕ, ਲਈ ਫੂਡ ਤੇ ਗਰੌਸਰੀ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਤੋਂ ਇਲਾਵਾ ਲੋੜਵੰਦਾਂ ਨੂੰ ਮਾਸਕਸ ਵੀ ਮੁਹੱਈਆ ਕਰਵਾਏ ਜਾ ਰਹੇ ਹਨ।

ਰਲੀਜ਼ ਵਿੱਚ ਇਹ ਵੀ ਆਖਿਆ ਗਿਆ ਕਿ ਸਾਨੂੰ ਹੈਲਥ ਕੇਅਰ ਵਰਕਰਜ਼ ਤੇ ਹਸਪਤਾਲਾਂ ਸਮੇਤ ਸਾਰੇ ਫਰੰਟਲਾਈਨ ਵਰਕਰਜ਼, ਜੋ ਕਿ ਸਾਡੇ ਲੋਕਾਂ ਦੀ ਮਦਦ ਲਈ ਦਿਨ ਰਾਤ ਕੰਮ ਕਰ ਰਹੇ ਹਨ, ਸਾਰੇ ਕਾਮਿਆਂ ਦਾ ਸਮਰਥਨ ਕਰਨਾ ਚਾਹੀਦਾ ਹੈ। 13 ਮਈ, 2020 ਨੂੰ ਗੁਰਸਿੱਖ ਸਭਾ ਕੈਨੇਡਾ ਸਕਾਰਬੌਰੋ ਗੁਰਦੁਆਰਾ ਦੀ ਸਿੱਖ ਸੰਗਤ ਵੱਲੋਂ ਨੌਰਥ ਯੌਰਕ ਜਨਰਲ ਹਸਪਤਾਲ ਲਈ ਆਕਸੀਜ਼ਨ ਇਕਿਊਪਮੈਂਟ ਖਰੀਦਣ ਵਾਸਤੇ 75000 ਡਾਲਰ ਦਾ ਯੋਗਦਾਨ ਦਿੱਤਾ ਜਾ ਰਿਹਾ ਹੈ। ਇਸ ਇਲਾਕੇ ਦੇ ਹਸਪਤਾਲਾਂ ਤੇ ਖਾਲਸਾ ਏਡ ਨੂੰ ਪਿਛਲੇ ਛੇ ਸਾਲਾਂ ਤੋਂ ਦਿੱਤੇ ਜਾ ਰਹੇ ਯੋਗਦਾਨ ਦੀ ਹੀ ਇਹ ਅਗਲੀ ਕੜੀ ਹੈ। ਸਾਨੂੰ ਆਸ ਹੈ ਕਿ ਇਸ ਤਰ੍ਹਾਂ ਰਲ ਮਿਲ ਕੇ ਅਸੀਂ ਇਸ ਮਹਾਂਮਾਰੀ ਉੱਤੇ ਜਿੱਤ ਹਾਸਲ ਕਰ ਹੀ ਲਵਾਂਗੇ।

# ਭਾਰਤੀ ਫੌਜ ਦੇ ਮੁਖੀ ਨੇ ਕਿਹਾ: ਸਿੱਕਿਮ ਅਤੇ ਲੱਦਾਖ ਵਿਚ ਚੀਨੀ ਫੌਜਾਂ ਦੇ ਨਾਲ ਝੜਪ ਆਮ ਅਤੇ ਸਥਾਨਕ ਜਿਹੀ ਸੀ

ਨਵੀਂ ਦਿੱਲੀ, 13 ਮਈ, (ਪੋਸਟ ਬਿਊਰੋ)- ਜਦੋਂ ਸਾਰਾ ਸੰਸਾਰ ਅਤੇ ਭਾਰਤ ਵੀ ਕੋਰੋਨਾ ਵਾਇਰਸ ਨਾਲ ਲੜ ਰਿਹਾ ਹੈ, ਓਦੋਂ ਚੀਨ ਦੇ ਬਾਰਡਰ ਉੱਤੇ ਭਾਰਤੀ ਅਤੇ ਚੀਨੀ ਫੌਜਾਂ ਦੀ ਝੜਪ ਕਾਫੀ ਗੰਭੀਰ ਮੰਨੀ ਗਈ ਹੈ।



ਪਿਛਲੇ ਦਿਨੀਂ ਲੱਦਾਖ ਅਤੇ ਸਿੱਕਮ ਵਾਲੇ ਬਾਰਡਰ ਉੱਤੇ ਭਾਰਤੀ ਅਤੇ ਚੀਨੀ ਫੌਜੀ ਆਹਮੋ ਸਾਹਮਣੇ ਹੋਏ ਅਤੇ ਫਿਰ ਹੱਥੋਪਾਈ ਤੱਕ ਦੀ ਨੌਬਤ ਆ ਗਈ ਸੀ। ਇਸ ਬਾਰੇ ਅੱਜ ਭਾਰਤੀ ਫੌਜ ਦੇ ਮੁਖੀ ਜਨਰਲ ਮਨੋਜ ਮੁਕੰਦ ਨਰਵਣੇ ਨੇ ਸਾਫ ਕਿਹਾ ਕਿ ਚੀਨੀ ਸੈਨਿਕਾਂ ਨਾਲ ਇਹ ਝੜਪ ਸਥਾਨਕ ਪੱਧਰ ਦੀ ਹੀ ਸੀ। ਜਨਰਲ ਨਰਵਣੇ ਨੇ ਕਿਹਾ, 'ਸਾਡੀ ਨਜ਼ਰ ਚਾਰੇ ਪਾਸੇ ਹੋਣੀ ਚਾਹੀਦੀ ਹੈ ਤੇ ਅਸੀਂ ਜੋ ਤਿਆਰੀ ਕਰਨੀ ਹੈ, ਉਸ ਉੱਤੇ ਕੜੀ ਨਜ਼ਰ ਰੱਖਦੇ ਹਾਂ। ਅਸੀਂ ਦੋਵਾਂ ਪਾਸਿਆਂ ਦੀ ਹਰ ਸਰਗਰਮੀ ਉੱਤੇ ਨਜ਼ਰ ਰੱਖਦੇ ਅਤੇ ਇਸ ਮੁਤਾਬਕ ਯੋਜਨਾਵਾਂ ਬਣਾਉਂਦੇ ਹਾਂ, ਤਾਂ ਜੋ ਸਾਰੇ ਕੰਮ ਸਹੀ ਤਰ੍ਹਾਂ ਕਰ ਸਕੀਏ।' ਇਸ ਵਿੱਚ ਕੋਈ ਢਿੱਲ ਨਹੀਂ ਦਿੱਤੀ ਜਾ ਸਕਦੀ

ਇਸ ਦੌਰਾਨ ਕਸ਼ਮੀਰ ਵਿਚ ਅੱਤਵਾਦ ਤੇ ਹੰਦਵਾੜਾ ਦੀ ਤਾਜ਼ਾ ਘਟਨਾ ਉੱਤੇ ਫੌਜ ਦੇ ਕਮਾਂਡਰ ਨਰਵਣੇ ਨੇ ਕਿਹਾ ਕਿ ਗਰਮੀਆਂ ਦੇ ਮੌਸਮ ਵਿਚ ਅੱਤਵਾਦ ਨਾਲ ਜੁੜੇ ਕੇਸਾਂ ਦਾ ਬਹੁਤ ਵਾਧਾ ਹੋਇਆ ਹੈ, ਪਰ ਸਾਡੀ ਇਸ ਨਾਲ ਨਜਿੱਠਣ ਦੀ ਆਪਣੀ ਰਣਨੀਤੀ ਹੈ। ਅਸੀਂ ਵੱਡੇ ਅੱਤਵਾਦੀ ਮਾਰੇ ਹਨ ਅਤੇ ਇਹ ਅੱਗੋਂ ਵੀ ਹੁੰਦਾ ਰਹੇਗਾ।

ਇਹ ਪੁੱਛੇ ਜਾਣ ਉੱਤੇ ਕਿ ਕਸ਼ਮੀਰ ਵਿਚ ਅੱਤਵਾਦ ਵਧਾਉਣ ਵਿਚ ਪਾਕਿ-ਸਤਾਨ ਦੀ ਕਿੰਨੀ ਅਹਿਮ ਭੂਮਿਕਾ ਹੈ, ਫੌਜ ਦੇ ਕਮਾਂਡਰ ਜਨਰਲ ਮਨੋਜ ਮੁਕੰਦ ਨਰਵਣੇ ਨੇ ਕਿਹਾ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਤਵਾਦ ਸਰਹੱਦ ਪਾਰੋਂ ਆ ਰਿਹਾ ਹੈ। ਕੰਟਰੋਲ ਰੇਖਾ ਦੇ ਪਾਰ ਅੱਤਵਾਦੀਆਂ ਦੇ 10 ਤੋਂ 12 ਲਾਂਚਿੰਗ ਕੈਂਪ ਹਨ ਤੇ ਅੱਤਵਾਦੀ ਹਰ ਥਾਂ ਮੌਜੂਦ ਹਨ। ਉਹ ਘੁਸਪੈਠ ਕਰਨ ਲਈ ਮੌਕਾ ਦੇਖ ਰਹੇ ਹਨ, ਪਰ ਅਸੀਂ ਉਨ੍ਹਾਂ ਨੂੰ ਅਸਫਲ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ।"

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।
FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।
SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
● Residential & Commercial
● Sale/Purchase of House
● Mortgage & Refinancing
● Drafting/Reviewing Agreements
● Title Transfer
● 2nd Mortgage
IMMIGRATION
Skilled Worker Category
Spousal & Family Sponsorship
● Student Permits Visa & Renewals
● PR Renewal/ Citizenship Application
FAMILY LAWYER
● Child & Spousal support
● Custody & Access
● Divorce
● Equalization
BUSINESS LAW
● Incorporation & Shareholder agreements
● Sales & Purchase of Assets & Shares
● Notarization & Affidavits
WILLS & ESTATE
● Wills
● Certificate of Estate Trustee with/without Will
● Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਪੰਜਾਬ ਸਰਕਾਰ ਦੀ ਐਕਸਾਈਜ਼ ਨੀਤੀ: ਸ਼ਰਾਬ ਠੇਕੇਦਾਰਾਂ ਨੂੰ ਕਰਫਿਊ ਕਾਰਨ ਪਿਆ ਘਾਟਾ ਰਾਜ ਸਰਕਾਰ ਪੂਰਾ ਕਰੇਗੀ

## * ਹੋਮ ਡਿਲਿਵਰੀ ਦਾ ਮੁੱਦਾ ਠੇਕੇਦਾਰਾਂ ਦੀ ਮਰਜ਼ੀ ਉੱਤੇ ਛੱਡਿਆ




ਚੰਡੀਗੜ੍ਹ, 13 ਮਈ, (ਪੋਸਟ ਬਿਊਰੋ)- ਪੰਜਾਬ ਵਿੱਚ ਸ਼ਰਾਬ ਦੇ ਠੇਕਿਆਂ ਦੀ ਮਿਆਦ 31 ਮਾਰਚ ਤੋਂ ਵਧਾਏ ਜਾਣ ਦੀ ਸੋਚ ਨੂੰ ਰੱਦ ਕਰ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਇਸ ਸੰਬੰਧ ਵਿੱਚ ਵਿੱਤ ਵਿਭਾਗ ਦੀਆਂ ਸਿਫਾਰਸ਼ਾਂ ਅਨੁਸਾਰ ਕੋਰੋਨਾ ਵਾਇਰਸ ਦੇ ਕਾਰਨ ਲੱਗੇ ਕਰਫਿਊ ਦੇ ਦਿਨਾਂ 23 ਮਾਰਚ ਤੋਂ 6 ਮਈ ਤਕ ਸ਼ਰਾਬ ਦੇ ਠੇਕੇ ਬੰਦ ਰਹਿਣ ਨਾਲ ਹੋਏ ਨੁਕਸਾਨ ਦੀ ਪੂਰਤੀ ਰਾਜ ਸਰਕਾਰ ਕਰੇਗੀ। ਇਸ ਸੰਬੰਧ ਵਿੱਚ ਮੁੱਖ ਮੰਤਰੀ ਵੱਲੋਂ ਬਣਾਈ ਗਈ ਸੀਨੀਅਰ ਅਧਿਕਾਰੀਆਂ ਦੀ ਤਿੰਨ ਮੈਂਬਰੀ ਕਮੇਟੀ ਇਹ ਠੇਕੇ ਬੰਦ ਰਹਿਣ ਨਾਲ ਪਏ ਘਾਟੇ ਦਾ ਪਤਾ ਲਾਵੇਗੀ। ਇਸ ਕਮੇਟੀ ਵਿੱਚ ਪ੍ਰਿੰਸੀਪਲ ਸੈਕਟਰੀ ਫਾਈਨੈਂਸ ਅਨੀਰੁਧ ਤਿਵਾੜੀ ਤੇ ਪ੍ਰਿੰਸੀਪਲ ਸੈਕਟਰੀ ਊਰਜਾ ਏ ਵੇਣੂੰ ਪ੍ਰਸਾਦ ਦੇ ਨਾਲ ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰ ਵਿਵੇਕ ਪ੍ਰਤਾਪ ਸਿੰਘ ਵਿੱਚ ਸ਼ਾਮਲ ਕੀਤੇ ਗਏ ਹਨ।

ਵਰਨਣ ਯੋਗ ਹੈ ਕਿ ਪਿਛਲੇ ਸੋਮਵਾਰ ਪੰਜਾਬ ਮੰਤਰੀ ਮੰਡਲ ਮੀਟਿੰਗ ਨੇ ਇਸ ਸਾਰੇ ਹਾਲਾਤ ਦੌਰਾਨ ਪੰਜਾਬ ਦੀ ਐਕਸਾਈਜ਼ ਪਾਲਿਸੀ ਵਿੱਚ ਯੋਗ ਤਬਦੀਲੀਆਂ ਦਾ ਅਧਿਕਾਰ ਮੁੱਖ ਮੰਤਰੀ ਨੂੰ ਸੌਂਪ ਦਿੱਤਾ ਸੀ। ਅੱਜ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿੱਤ ਵਿਭਾਗ ਦੀ ਸਲਾਹ ਨਾਲ ਐਕਸਾਈਜ਼ ਵਿਭਾਗ ਦੀਆਂ ਸਿਫਾਰਸ਼ਾਂ ਮੰਨ ਲਈਆਂ ਹਨ ਤਾਂ ਕਿ ਸ਼ਰਾਬ ਦੀਆਂ ਦੁਕਾਨਾਂ ਦੇ ਮੌਜੂਦਾ ਠੇਕੇ ਦੀ ਮਿਆਦ 31 ਮਾਰਚ 2021 ਤਕ ਜਾਰੀ ਰੱਖੀ ਜਾ ਸਕੇ। ਕੋਰੋਨਾ ਵਾਇਰਸ ਦੇ ਕਾਰਨ ਲਾਏ ਕਰਫਿਊ ਕਾਰਨ ਮਾਰਚ ਦੇ ਆਖਰੀ 9 ਦਿਨਾਂ ਵਿਚ ਪਏ ਘਾਟੇ ਲਈ ਕੈਪਟਨ ਅਮਰਿੰਦਰ ਸਿੰਘ ਨੇ ਅਨੁਪਾਤ ਉੱਤੇ ਆਧਾਰਤ ਪ੍ਰਬੰਧ ਲਾਗੂ ਕਰਨ ਲਈ ਵਿੱਤ ਵਿਭਾਗ ਦੀਆਂ ਸਿਫਾਰਸ਼ਾਂ ਨੂੰ ਮੰਨ ਲਿਆ ਹੈ। ਸਾਲ 2019-20 ਦੇ ਲਾਇਸੈਂਸੀ ਠੇਕੇਦਾਰ 23 ਮਾਰਚ 2020 ਨੂੰ ਕਰਫਿਊ ਲੱਗਣ ਨਾਲ 31 ਮਾਰਚ 2020 ਤਕ ਆਪਣਾ ਸਾਲ ਪੂਰਾ ਨਹੀਂ ਕਰ ਸਕੇ ਤੇ ਆਖਰੀ 9 ਦਿਨ ਠੇਕੇ ਬੰਦ ਰਹੇ ਸਨ। ਐਕਸਾਈਜ਼ ਨੀਤੀ ਮੁਤਾਬਕ ਅੱਗੋਂ ਸਾਲ 2020-21 ਪਹਿਲੀ ਅਪ੍ਰੈਲ 2020 ਨੂੰ ਖੁੱਲ੍ਹਣੇ ਸਨ, ਪਰ ਕਰਫਿਊ ਦੇ ਕਾਰਨ ਖੋਲ੍ਹੇ ਨਹੀਂ ਜਾ ਸਕੇ। ਇਸ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿੱਤ ਵਿਭਾਗ ਦੀ ਤਜਵੀਜ਼ ਉੱਤੇ ਵਿਚਾਰ ਲਈ ਮੰਤਰੀਆਂ ਦਾ ਗਰੁੱਪ ਬਣਾਇਆ ਹੈ, ਜਿਸ ਵਿੱਚ ਖਜ਼ਾਨਾ ਮੰਤਰੀ, ਸਿੱਖਿਆ ਮੰਤਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸ਼ਾਮਲ ਹੋਣਗੇ। ਮੁੱਖ ਮੰਤਰੀ ਨੇ ਇਸ ਗਰੁੱਪ ਨੂੰ ਸ਼ਰਾਬ ਦੀ ਵਿਕਰੀ ਉੱਤੇ ਵਿਸ਼ੇਸ਼ ਕੋਵਿਡ ਸੈੱਸ ਲਾਉਣ ਬਾਰੇ ਵੀ ਵਿਚਾਰ ਕਰਨ ਲਈ ਕਿਹਾ ਹੈ। ਇਸ ਦੌਰਾਨ ਸ਼ਰਾਬ ਦੀ ਹੋਮ ਡਿਲਿਵਰੀ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਫ਼ੈਸਲਾ ਕੀਤਾ ਹੈ ਕਿ ਐਕਸਾਈਜ਼ ਨੀਤੀ ਵਿਚ ਪਹਿਲਾਂ ਮੌਜੂਦ ਸਾਰੇ ਨਿਯਮ ਲਾਗੂ ਰਹਿਣਗੇ, ਪਰ ਇਸ ਬਾਰੇ ਸੁਪਰੀਮ ਕੋਰਟ ਦੀ ਰਾਏ ਦਾ ਹਵਾਲਾ ਦੇਣ ਪਿੱਛੋਂ ਇਸ ਮੁੱਦੇ ਨੂੰ ਲਇਸੈਂਸੀ ਠੇਕੇਦਾਰਾਂ ਉੱਤੇ ਛੱਡ ਦਿੱਤਾ ਗਿਆ ਹੈ। ਸੁਪਰੀਮ ਕੋਰਟ ਨੇ ਇੱਕ ਲੋਕ ਹਿੱਤ ਪਟੀਸ਼ਨ ਉੱਤੇ ਬੀਤੀ 8 ਮਈ ਸੁਣਵਾਈ ਦੌਰਾਨ ਸ਼ਰਾਬ ਦੀ ਹੋਮ ਡਲਿਵਰੀ ਦਾ ਸੁਝਾਅ ਦਿੱਤਾ ਸੀ, ਤਾਂ ਜੋ ਲਾਕਡਾਊਨ ਦੇ ਸਮੇਂ ਵਿੱਚ ਸੋਸ਼ਲ ਡਿਸਟੈਂਸਿੰਗ ਕਾਇਮ ਰੱਖੀ ਜਾ ਸਕੇ। ਕਰਫਿਊ ਦੌਰਾਨ ਐਕਸਾਈਜ਼ ਵਿਭਾਗ ਵੱਲੋਂ ਸਾਲ 2020-21 ਲਈ ਠੇਕਿਆਂ ਦੀ ਅਲਾਟਮੈਂਟ ਨਹੀਂ ਕੀਤੀ ਜਾ ਸਕੀ। ਮੁੱਖ ਮੰਤਰੀ ਨੇ ਇਸ ਵਿਭਾਗ ਨੂੰ ਪੰਜਾਬ ਦੀ 2020-21 ਦੀ ਐਕਸਾਈਜ਼ ਨੀਤੀ ਅਨੁਸਾਰ ਬਾਕੀ ਠੇਕਿਆਂ ਦੀ ਨਿਲਾਮੀ ਕਰਨ ਤੇ ਅਗਲੀ ਕਾਰਵਾਈ ਲਈ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਇਸ ਦੇ ਨਾਲ ਠੇਕੇਦਾਰਾਂ ਦੇ ਕੁੱਲ 756 ਗਰੁੱਪਾਂ ਵਿਚੋਂ 500 ਨੂੰ 2019-20 ਦੀ ਨੀਤੀ ਅਨੁਸਾਰ ਰੀਨਿਊ ਕੀਤਾ ਤੇ ਬਾਕੀ 256 ਗਰੁੱਪਾਂ ਨੂੰ 186 ਗਰੁੱਪਾਂ ਦੀ ਮੁੜ ਗਰੁੱਪਿੰਗ ਕੀਤੀ ਗਈ ਸੀ ਤੇ ਇਨ੍ਹਾਂ ਵਿੱਚੋਂ 89 ਗਰੁੱਪਾਂ ਦੀ ਅਲਾਟਮੈਂਟ 2020-21 ਦੀ ਨੀਤੀ ਅਨੁਸਾਰ ਕਰ ਦਿੱਤੀ ਸੀ।

# ਪ੍ਰਧਾਨ ਮੰਤਰੀ ਦੇ ਪੈਕੇਜ ਪਿੱਛੋਂ ਖਜ਼ਾਨਾ ਮੰਤਰੀ ਵੱਲੋਂ 15 ਐਲਾਨਾਂ ਦਾ ਪ੍ਰੋਗਰਾਮ ਜਾਰੀ




ਨਵੀਂ ਦਿੱਲੀ, 13 ਮਈ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਲਾਏ ਗਏ ਲਾਕਡਾਊਨ ਦੌਰਾਨ ਸੰਕਟ ਦੇ ਦੌਰ ਤੋਂ ਗੁਜ਼ਰ ਰਹੇ ਭਾਰਤ ਦੇ ਆਰਥਿਕ ਹਾਲਾਤ, ਉਦਯੋਗ ਜਗਤ ਅਤੇ ਕਾਰੋਬਾਰੀ ਲੋਕਾਂ ਲਈ ਅੱਜ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ 15 ਐਲਾਨ ਕੀਤੇ ਹਨ, ਜਿਨ੍ਹਾਂ ਵਿੱਚ 6 ਐਲਾਨ ਛੋਟੇ ਤੇ ਦਰਮਿਆਨੇ ਉਦਯੋਗਾਂ ਲਈ, 3 ਐਲਾਨ ਟੈਕਸਾਂ ਨਾਲ ਸੰਬੰਧਤ, 2 ਐਲਾਨ ਕਾਮਿਆਂ ਦੇ ਪ੍ਰਾਵੀਡੈਂਟ ਫੰਡ ਬਾਰੇ, 2 ਐਲਾਨ ਨਾਨ ਬੈਂਕਿੰਗ ਫਾਇਨੈਂਸ ਕੰਪਨੀਆਂ ਅਤੇ ਇੱਕ-ਇੱਕ ਐਲਾਨ ਬਿਜਲੀ ਸਪਲਾਈ ਕੰਪਨੀਆਂ ਅਤੇ ਰੀਅਲ ਅਸਟੇਟ ਦੇ ਵਾਸਤੇ ਕੀਤਾ ਗਿਆ ਹੈ।

ਭਾਰਤ ਦੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਅੱਜ ਕੀਤੇ ਗਏ ਐਲਾਨਾਂ ਦੀ ਸੇਧ ਛੋਟੇ ਅਤੇ ਦਰਮਿਆਨੇ ਉਦਯੋਗਾਂ ਵੱਲ ਰਹੀ ਅਤੇ ਸਰਕਾਰ ਦਾ ਇਰਾਦਾ ਇਸ ਸੈਕਟਰ ਨੂੰ ਤੇਜ਼ ਕਰ ਕੇ ਰੋਜ਼ਗਾਰ ਬਚਾਉਣ ਉੱਤੇ ਦਿਖਾਈ ਦਿੱਤਾ ਹੈ। ਕੋਰੋਨਾ ਦੇ ਸੰਕਟ ਸਰਕਾਰ ਦਾ ਧਿਆਨ ਆਮ ਆਦਮੀ ਦਾ ਰੋਜ਼ਗਾਰ ਬਚਾਉਣ ਉੱਤੇ ਨਜ਼ਰ ਆ ਰਿਹਾ ਹੈ। ਛੋਟੇ ਅਤੇ ਦਰਮਿਆਨੇ ਖੇਤਰ ਨੂੰ 3 ਲੱਖ ਕਰੋੜ ਰੁਪਏ ਦਾ ਆਟੋਮੈਟਿਕ ਲੋਨ ਦੇਣ ਦਾ ਐਲਾਨ ਹੋਇਆ ਹੈ। ਇਹ 100 ਕਰੋੜ ਰੁਪਏ ਤੱਕ ਦੇ ਟਰਨ ਓਵਰ ਵਾਲੇ 45 ਲੱਖ ਅਦਾਰਿਆਂ ਲਈ ਹੋਵੇਗਾ ਤੇ ਇਸ ਦੀ ਗਾਰੰਟੀ ਫੀਸ ਨਹੀਂ ਲੱਗੇਗੀ। ਇਹ ਕਰਜ਼ਾ 4 ਸਾਲ ਲਈ ਹੋਵੇਗਾ ਅਤੇ ਇਸ ਦੀ ਮੂਲ ਰਕਮ ਮੋੜਨ ਲਈ 12 ਮਹੀਨੇ ਦੀ ਛੋਟ ਮਿਲੇਗੀ। ਇਸ ਦਾ ਲਾਭ 31 ਅਕਤੂਬਰ 2020 ਤੱਕ ਲਿਆ ਜਾ ਸਕਦਾ ਹੈ। ਇਸ ਪਿੱਛੋਂ 20 ਹਜ਼ਾਰ ਕਰੋੜ ਰੁਪਏ ਦੇ ਦੂਸਰੇ ਐਲਾਨ ਦਾ ਲਾਭ 2 ਲੱਖ ਯੂਨਿਟਾਂ ਨੂੰ ਮਿਲੇਗਾ, ਜਿਸ ਵਿੱਚ ਉਦਯੋਗਾਂ ਦੇ ਪ੍ਰਮੋਟਰਾਂ ਨੂੰ ਬੈਂਕ ਤੋਂ ਕਰਜ਼ਾ ਮਿਲੇਗਾ। ਇਸ ਵਿੱਚ ਉਹ ਉਦਯੋਗ ਆਉਣਗੇ, ਜਿਹੜੇ ਨਾਨ ਪ੍ਰਫਾਰਮਿੰਗ ਹੋ ਚੁੱਕੇ ਹਨ ਜਾਂ ਸੰਕਟ ਵਿੱਚ ਚੱਲ ਰਹੇ ਹਨ। ਸਰਕਾਰ ਇਸ ਬਾਰੇ ਕ੍ਰੈਡਿਟ ਗਾਰੰਟੀ ਫੰਡ ਟਰੱਸਟ ਫਾਰ ਮਾਈਕਰੋ ਐਂਡ ਸਮਾਲ ਇੰਟਰਪ੍ਰਾਈਜ਼ਿਜ਼ ਨੂੰ ਪੈਸਾ ਦੇਵੇਗੀ ਤੇ ਇਹ ਟਰੱਸਟ ਬੈਂਕਾਂ ਨੂੰ ਪੈਸਾ ਦੇਵੇਗਾ, ਜਿੱਥੋਂ ਉਦਯੋਗਾਂ ਨੂੰ ਪੈਸਾ ਮਿਲੇਗਾ। ਛੋਟੇ ਉਦਯੋਗਾਂ ਲਈ 50 ਹਜ਼ਾਰ ਕਰੋੜ ਰੁਪਏ ਦਾ ਫੰਡ ਤਰੱਕੀ ਦੀ ਆਸ ਵਾਲੇ ਉਨ੍ਹਾਂ ਸਾਰੇ ਯੂਨਿਟਾਂ ਨੂੰ ਮਿਲੇਗਾ, ਜਿਨ੍ਹਾਂ ਕੋਲ ਪੈਸੇ ਦੀ ਕਮੀ ਹੈ। ਇਸ ਮਕਸਦ ਲਈ 10 ਹਜ਼ਾਰ ਕਰੋੜ ਰੁਪਏ ਨਾਲ ਸ਼ੁਰੂ ਵਿੱਚ ਇੱਕ ਮਦਰ ਫੰਡ ਬਣਾਇਆ ਜਾਵੇਗਾ, ਜਿਸ ਵਿੱਚ 50 ਹਜ਼ਾਰ ਕਰੋੜ ਰੁਪਏ ਦਾ ਫੰਡ ਇਕੱਠਾ ਕਰਨ ਪਿੱਛੋਂ ਛੋਟੇ ਉਦਯੋਗਾਂ ਨੂੰ ਆਪਣਾ ਸਾਈਜ਼ ਵਧਾਉਣ ਦੀ ਮਦਦ ਮਿਲੇਗੀ। ਏਦਾਂ ਹੀ 200 ਕਰੋੜ ਰੁਪਏ ਤੱਕ ਦੇ ਸਰਕਾਰੀ ਟੈਂਡਰ ਵਿੱਚ ਦੇਸ਼ ਦੇ ਉਦਯੋਗਾਂ ਲਈ ਮੌਕਾ ਦੇ ਦਿੱਤਾ ਗਿਆ ਹੈ। ਪਹਿਲਾਂ ਗਲੋਬਲ ਟੈਂਡਰ ਕਾਰਨ ਵਿਦੇਸ਼ੀ ਕੰਪਨੀਆਂ ਟੈਂਡਰ ਹਾਸਲ ਕਰਨ ਦੀ ਦੌੜ ਵਿੱਚ ਹੁੰਦੀਆਂ ਸਨ ਅਤੇ ਘਰੇਲੂ ਤੇ ਛੋਟੇ ਉਦਯੋਗਾਂ ਨੂੰ ਮੌਕਾ ਨਹੀਂ ਸੀ ਮਿਲਦਾ। ਇਸ ਨਵੀਂ ਸਕੀਮ ਹੇਠ ਸਰਕਾਰ 200 ਕਰੋੜ ਰੁਪਏ ਤੱਕ ਦੀ ਖਰੀਦ ਕਰਨ ਲਈ ਗਲੋਬਲ ਟੈਂਡਰ ਜਾਰੀ ਨਹੀਂ ਕਰੇਗੀ। ਇਸ ਦੇ ਨਾਲ ਸਰਕਾਰ ਨੇ ਕਿਹਾ ਹੈ ਕਿ ਛੋਟੇ ਉਦਯੋਗਾਂ ਦੇ ਬਕਾਏ ਵਾਪਸ ਕੀਤੇ ਜਾਣਗੇ।

# ਭਾਰਤ ਵਿੱਚ ਇੱਕੋ ਦਿਨ 3400 ਨਵੇਂ ਕੇਸਾਂ ਦੇ ਨਾਲ ਕੁੱਲ ਗਿਣਤੀ 77,509 ਨੂੰ ਪਹੁੰਚੀ

## * ਕੋਰੋਨਾ ਦੀ ਬਹੁਤੀ ਮਾਰ ਮਹਾਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼ ਵਿਚ




ਨਵੀਂ ਦਿੱਲੀ, 13 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਅੱਜ ਬੁੱਧਵਾਰ ਵਾਲੇ ਦਿਨ ਪੌਣੇ ਲੱਖ ਨੂੰ ਟੱਪ ਗਈ ਹੈ। ਇਨ੍ਹਾਂ ਵਿਚੋਂ ਸਿਰਫ ਤਿੰਨ ਰਾਜਾਂ ਮਹਾਰਾਸ਼ਟਰ, ਗੁਜਰਾਤ, ਤਾਮਿਲ ਨਾਡੂ ਅਤੇ ਕੇਂਦਰੀ ਰਾਜਧਾਨੀ ਦਿੱਲੀ ਵਿਚ ਕੁੱਲ ਮਿਲਾ ਕੇ 67 ਫ਼ੀਸਦੀ ਤੋਂ ਵੱਧ ਕੋਰੋਨਾ ਦੇ ਕੇਸ ਨਿਕਲੇ ਹਨ। ਲਾਕਡਾਊਨ ਅਤੇ ਪਾਬੰਦੀਆਂ ਲੱਗੀਆਂ ਹੋਣ ਦੇ ਬਾਵਜੂਦ ਇਨ੍ਹਾਂ ਕੇਸਾਂ ਦੇ ਵਾਧੇ ਉੱਤੇ ਹਾਲੇ ਤੱਕ ਵੀ ਰੋਕ ਨਹੀਂ ਲੱਗ ਸਕੀ।

ਅੱਜ ਬੁੱਧਵਾਰ ਪੂਰੇ ਭਾਰਤ ਵਿਚ ਤਿੰਨ ਹਜ਼ਾਰ ਤੋਂ ਵੱਧ ਨਵੇਂ ਕੇਸ ਹੋਰ ਪਤਾ ਲੱਗੇ ਹਨ। ਵੱਖ-ਵੱਖ ਰਾਜਾਂ ਤੋਂ ਮਿਲ ਰਹੀ ਜਾਣਕਾਰੀ ਮੁਤਾਬਕ ਭਾਰਤ ਵਿਚ ਅੱਜ ਬੁੱਧਵਾਰ ਸ਼ਾਮ ਤੱਕ 77,509 ਲੋਕ ਕੋਰੋਨਾ ਵਾਇਰਸ ਤੋਂ ਪ੍ਰਭਾਵਤ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ 2415 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਦੌਰਾਨ ਕਰੀਬ 24,385 ਲੋਕ ਕੋਰੋਨਾ ਦੀ ਬਿਮਾਰੀ ਨਾਲ ਪ੍ਰਭਾਵਤ ਹੋਣ ਤੋਂ ਬਾਅਦ ਠੀਕ ਵੀ ਚੁੱਕੇ ਹਨ। ਸਭ ਤੋਂ ਵੱਧ ਮਾਰ ਮਹਾਰਾਸ਼ਟਰ ਵਿੱਚ ਪਈ ਹੈ, ਜਿੱਥੇ ਇਸ ਦੇ 24,427 ਕੇਸ ਹੋ ਚੁੱਕੇ ਹਨ ਅਤੇ ਮੌਤਾਂ ਦੀ ਗਿਣਤੀ 921 ਹੈ। ਦੂਸਰੇ ਸਭ ਤੋਂ ਵੱਧ ਪ੍ਰਭਾਵਤ ਰਾਜ ਗੁਜਰਾਤ ਵਿੱਚ 8903 ਕੇਸ ਤੇ 537 ਲੋਕ ਮਾਰੇ ਗਏ ਹਨ। ਮੱਧ ਪ੍ਰਦੇਸ਼ ਵਿੱਚ ਮੌਤਾਂ ਦੀ ਗਿਣਤੀ 225 ਤੇ ਕੇਸਾਂ ਦੀ ਗਿਣਤੀ 3986 ਹੈ, ਪੱਛਮੀ ਬੰਗਾਲ ਵਿੱਚ ਕੁੱਲ 2173 ਕੇਸਾਂ ਨਾਲ 198 ਮੌਤਾਂ ਹੋ ਚੁੱਕੀਆਂ ਹਨ, ਰਾਜਸਥਾਨ ਵਿੱਚ 117 ਮੌਤਾਂ ਤੇ 4126 ਕੇਸਾਂ ਦੀ ਰਿਪੋਰਟ ਦੇ ਨਾਲ ਕੌਮੀ ਰਾਜਧਾਨੀ ਦਿੱਲੀ ਵਿੱਚ 86 ਮੌਤਾਂ ਅਤੇ 7639 ਕੇਸ ਤੇ ਉੱਤਰ ਪ੍ਰਦੇਸ਼ ਵਿੱਚ 82 ਮੌਤਾਂ ਅਤੇ 3664 ਕੇਸ ਹੋਣ ਦੀ ਖਬਰ ਮਿਲੀ ਹੈ। ਤਾਮਿਲ ਨਾਡੂ ਵਿੱਚ 61 ਮੌਤਾਂ ਹੋਣ ਦੇ ਨਾਲ 8718 ਕੇਸ ਦੱਸੇ ਗਏ ਹਨ।

# ਪੰਜਾਬ ਵਿੱਚ ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ 1900 ਤੋਂ ਟੱਪ ਗਈ




ਚੰਡੀਗੜ੍ਹ, 13 ਮਈ, (ਪੋਸਟ ਬਿਊਰੋ)- ਪੰਜਾਬ ਵਿੱਚ ਕੋਰੋਨਾ ਵਾਇਰਸ ਦੇ ਕੇਸਾਂ ਦਾ ਅੰਕੜਾ ਲਗਾਤਾਰ ਵਧੀ ਜਾ ਰਿਹਾ ਹੈ। ਅੱਜ 10 ਨਵੇਂ ਮਰੀਜ਼ਾਂ ਦਾ ਕੋਰੋਨਾ ਟੈਸਟ ਪਾਜ਼ਿਟਿਵ ਨਿਕਲਣ ਦੇ ਨਾਲ ਪੰਜਾਬ ਵਿੱਚ ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ 1924 ਹੋ ਗਈ ਹੈ। ਜ਼ਿਲਾ ਰੋਪੜ ਵਿੱਚੋਂ ਦੋ, ਲੁਧਿਆਣਾ ਤੋਂ ਪੰਜ ਅਤੇ ਜਲੰਧਰ, ਕਪੂਰਥਲਾ ਅਤੇ ਹੁਸ਼ਿਆਰਪੁਰ ਤੋਂ ਅੱਜ ਇੱਕ-ਇੱਕ ਮਰੀਜ਼ ਹੋਰ ਪਾਜ਼ਿਟਿਵ ਨਿਕਲਿਆ ਹੈ। ਇਸ ਦੌਰਾਨ ਪੰਜਾਬ ਵਿੱਚ ਅੱਜ ਤੱਕ ਦੇ 1924 ਮਰੀਜ਼ਾਂ ਵਿੱਚੋਂ ਦੋ ਸੌ ਠੀਕ ਹੋ ਚੁੱਕੇ ਹਨ ਅਤੇ 32 ਲੋਕਾਂ ਦੀ ਮੌਤ ਹੋ ਚੁੱਕੀ ਹੈ। ਪੰਜਾਬ ਦੇ ਸਾਰੇ 22 ਜ਼ਿਲ੍ਹੇ ਕੋਰੋਨਾ ਦੀ ਚਪੇਟ ਵਿਚ ਆ ਚੁੱਕੇ ਹਨ। ਅੱਜ ਬੁੱਧਵਾਰ ਸ਼ਾਮ ਤੱਕ ਅੰਮ੍ਰਿਤਸਰ ਵਿਚ 297 ਕੇਸ ਹੋਏ ਅਤੇ 4 ਮੌਤਾਂ ਦੀ ਖਬਰ ਹੈ, ਜਦ ਕਿ ਜਲੰਧਰ ਵਿਚ 198 ਕੇਸ 6 ਮੌਤਾਂ, ਲੁਧਿਆਣਾ ਵਿਚ 148 ਕੇਸ 6 ਮੌਤਾਂ, ਗੁਰਦਾਸਪੁਰ ਵਿਚ 122 ਕੇਸ 1 ਮੌਤ, ਨਵਾਂ ਸ਼ਹਿਰ ਵਿਚ 103 ਕੇਸ 1 ਮੌਤ, ਮੋਹਾਲੀ ਵਿਚ 102 ਕੇਸ 3 ਮੌਤਾਂ, ਪਟਿਆਲਾ ਵਿਚ 99 ਕੇਸ 2 ਮੌਤਾਂ, ਹੁਸ਼ਿਆਰਪੁਰ ਵਿਚ 92 ਕੇਸ 4 ਮੌਤਾਂ, ਰੋਪੜ ਵਿਚ 58 ਕੇਸ ਇੱਕ ਮੌਤ, ਫਿਰੋਜ਼ਪੁਰ ਵਿਚ 44 ਕੇਸ 1 ਮੌਤ, ਪਠਾਨਕੋਟ ਵਿਚ 29 ਕੇਸ 1 ਮੌਤ, ਕਪੂਰਥਲਾ ਵਿਚ 27 ਕੇਸ 2 ਮੌਤਾਂ ਤੇ ਬਰਨਾਲਾ ਵਿਚ 21 ਕੇਸ 1 ਮੌਤ ਦੀ ਖਬਰ ਹੈ। ਇਸ ਤੋਂ ਇਲਾਵਾ ਤਰਨ ਤਾਰਨ ਵਿਚ 158 ਕੇਸ, ਸੰਗਰੂਰ ਵਿਚ 88, ਮੁਕਤਸਰ ਵਿਚ 65, ਮੋਗਾ ਵਿਚ 59, ਫਤਿਹਗੜ੍ਹ ਸਾਹਿਬ ਵਿਚ 55, ਫਰੀਦਕੋਟ ਵਿਚ 46, ਬਠਿੰਡਾ ਵਿਚ 40, ਫਾਜਿਲਕਾ ਵਿਚ 41 ਅਤੇ ਮਾਨਸਾ ਵਿਚ 32 ਕੋਰੋਨਾ ਪਾਜੀਟਿਵ ਕੇਸ ਹਨ, ਪਰ ਮੌਤਾਂ ਤੋਂ ਅਜੇ ਤੱਕ ਬਚਾਅ ਹੈ।

# ਮਹਾਰਾਸ਼ਟਰ ਵਿੱਚ ਸ਼ਰਾਬ ਦੀ ਹੋਮ ਡਿਲੀਵਰੀ ਸ਼ੁਰੂ ਹੋਵੇਗੀ

ਮੁੰਬਈ, 13 ਮਈ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਕਾਰਨ ਮਹਾਰਾਸ਼ਟਰ ਵਿੱਚ ਸ਼ਰਾਬ ਦੀ ਹੋਮ ਡਿਲੀਵਰੀ ਹੋਣ ਜਾ ਰਹੀ ਹੈ। ਐਕਸਾਈਜ਼ ਵਿਭਾਗ ਨੇ ਰਾਜ ਵਿੱਚ ਸ਼ਰਾਬ ਦੀ ਹੋਮ ਡਿਲੀਵਰੀ ਦੀ ਆਗਿਆ ਦੇ ਦਿੱਤੀ ਅਤੇ ਇਸ ਦੇ ਲਈ ਗਾਈਡਲਾਈਨਸ ਜਾਰੀ ਕੀਤੀ ਹੈ। ਇਸ ਦੇ ਇਲਾਵਾ ਕੁਝ ਜਗ੍ਹਾ 'ਤੇ ਐਕਸਾਈਜ਼ ਵਿਭਾਗ ਨੇ ਸ਼ਰਾਬ ਦੀ ਦੁਕਾਨਾਂ ਉਤੇ ਭੀੜ ਘੱਟ ਕਰਨ ਦੇ ਲਈ ਤਜਰਬੇ ਵਜੋਂ ਆਨਲਾਈਨ ਟੋਕਨ ਦੀ ਵਿਵਸਥਾ ਵੀ ਸ਼ੁਰੂ ਕੀਤੀ ਹੈ।

ਵਰਨਣ ਯੋਗ ਹੈ ਕਿ ਲਾਕਡਾਊਨ ਦੇ ਕਾਰਨ ਆਰਥਿਕ ਗਤੀਵਿਧੀਆਂ ਬੰਦ ਹਨ ਅਤੇ ਸਰਕਾਰ ਦਾ ਖ਼ਜਾਨਾ ਖ਼ਾਲੀ ਹੋ ਰਿਹਾ ਹੈ। ਇਸ ਹਾਲਤ ਵਿੱਚ ਕੱਲ੍ਹ ਮਹਾਰਾਸ਼ਟਰ ਸਰਕਾਰ ਨੇ ਲਾਕਡਾਊਨ ਵਿੱਚ ਸ਼ਰਾਬ ਦੀਆਂ ਦੁਕਾਨਾਂ ਖੋਲ੍ਹਣ ਦੀ ਇਜਾਜ਼ਤ ਦਿੱਤੀ ਸੀ, ਪਰ ਇਨ੍ਹਾਂ ਦੁਕਾਨਾਂ ਉੱਤੇ ਲੋਕਾਂ ਦੀ ਇੰਨੀ ਭੀੜ ਹੋਈ ਕਿ ਸੋਸ਼ਲ ਡਿਸਟੈਂਸਿੰਗ ਦੇ ਨਿਯਮਾਂ ਦੀ ਧੱਜੀਆਂ ਉੱਡ ਗਈਆਂ। ਇਸ ਪਿੱਛੋਂ ਸਰਕਾਰ ਨੇ ਦੁਕਾਨ ਨੂੰ ਬੰਦ ਕਰਨ ਨੂੰ ਕਹਿ ਦਿੱਤਾ ਸੀ। ਕੱਲ੍ਹ ਮਹਾਰਾਸ਼ਟਰ ਰਾਜ ਦੇ ਐਕਸਾਈਜ਼ ਵਿਭਾਗ ਨੇ ਕੁਝ ਦਿਸ਼ਾ-ਨਿਰਦੇਸ਼ਾਂ ਅਤੇ ਸਾਵਧਾਨੀਆਂ ਦੇ ਨਾਲ ਸ਼ਰਾਬ ਦੀ ਹੋਮ ਡਿਲੀਵਰੀ ਦੀ ਆਗਿਆ ਦਿੱਤੀ ਹੈ, ਜਿਸ ਦਾ ਹੋਮ ਡਿਲੀਵਰੀ ਦੇ ਦੌਰਾਨ ਪਾਲਣ ਕੀਤਾ ਜਾਣਾ ਹੈ।

# ਚੀਨੀ ਹੈਲੀਕਾਪਟਰਾਂ ਨੂੰ ਭਾਰਤ ਦੀ ਫੌਜ ਨੇ ਪਿੱਛੇ ਮੋੜਿਆ

ਨਵੀਂ ਦਿੱਲੀ, 13 ਮਈ (ਪੋਸਟ ਬਿਊਰੋ)- ਭਾਰਤ ਦੇ ਪਹਾੜੀ ਰਾਜ ਲੱਦਾਖ ਵਿੱਚ ਨਾਜਾਇਜ਼ ਕਬਜ਼ੇ ਦੀ ਅਸਫਲ ਕੋਸ਼ਿਸ਼ ਤੋਂ ਬਾਅਦ ਚੀਨੀ ਹੈਲੀਕਾਪਟਰਾਂ ਨੇ ਇਸੇ ਖੇਤਰ ਵਿੱਚ ਅਸਲ ਕੰਟਰੋਲ ਰੇਖਾ (ਐੱਲ ਏ ਸੀ) ਦੇ ਚੋਖਾ ਨੇੜੇ ਉਡਾਣ ਭਰੀ ਤਾਂ ਭਾਰਤੀ ਹਵਾਈ ਫੌਜ ਦੇ ਸੁਖੋਈ ਲੜਾਕੂ ਜਹਾਜ਼ਾਂ ਨੇ ਇਨ੍ਹਾਂ ਹੈਲੀਕਾਪਟਰਾਂ ਨੂੰ ਪਿੱਛੇ ਮੋੜ ਦਿੱਤਾ।

ਪੂਰਬੀ ਲੱਦਾਖ ਵਿੱਚ ਬੀਤੇ ਹਫਤੇ ਵੀ ਚੀਨੀ ਫੌਜੀਆਂ ਨੇ ਭਾਰਤੀ ਖੇਤਰ ਵਿੱਚ ਵੜਨ ਦੀ ਕੋਸ਼ਿਸ਼ ਕੀਤੀ ਸੀ। ਇਸ 'ਤੇ ਦੋਵਾਂ ਪਾਸਿਆਂ ਦੇ ਫੌਜੀਆਂ ਵਿਚਾਲੇ ਧੱਕਾ ਮੁੱਕੀ ਹੋਈ ਅਤੇ ਕਈ ਫੌਜੀ ਜ਼ਖਮੀ ਹੋ ਗਏ ਸਨ। ਇਸ ਤਰ੍ਹਾਂ ਦੀ ਘਟਨਾ ਸਿੱਕਮ ਸਰਹੱਦ 'ਤੇ ਵੀ ਹੋਈ ਸੀ। ਪੂਰਬੀ ਲੱਦਾਖ ਦੇ ਪੈਂਗੋਗ ਲੇਕ ਇਲਾਕੇ ਵਿੱਚ ਬੀਤੀ ਪੰਜ ਮਈ ਦੀ ਹਿੰਸਕ ਝੜਪ ਦੇ ਕਾਰਨ ਹਾਲੇ ਵੀ ਤਣਾਅ ਦਾ ਮਾਹੌਲ ਹੈ। ਉਂਜ ਇਸ ਘਟਨਾ ਦੇ ਅਗਲੇ ਦਿਨ ਦੋਵਾਂ ਦੇਸ਼ਾਂ ਦੇ ਸਥਾਨਕ ਕਮਾਂਡਰਾਂ ਵਿਚਕਾਰ ਮੀਟਿੰਗ ਵਿੱਚ ਤਣਾਅ ਖਤਮ ਕਰਨ ਬਾਰੇ ਸਹਿਮਤੀ ਬਣੀ ਸੀ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਇਲਾਕੇ ਵਿੱਚ ਦੋਵਾਂ ਦੇਸ਼ਾਂ ਦੇ ਫੌਜੀਆਂ ਵਿਚਾਲੇ ਝੜਪ ਤੋਂ ਬਾਅਦ ਚੀਨੀ ਫੌਜੀ ਹੈਲੀਕਾਪਟਰਾਂ ਨੂੰ ਐੱਲ ਏ ਸੀ ਦੇ ਨੇੜੇ ਉਡਦੇ ਦੇਖਿਆ ਗਿਆ। ਉਹ ਸਰਹੱਦ ਦੇ ਬੇਹੱਦ ਨੇੜੇ ਆ ਗਏ ਸਨ। ਇਸ ਦੀ ਭਿਣਕ ਲੱਗਦੇ ਹੀ ਭਾਰਤੀ ਹਵਾਈ ਫੌਜ ਦੇ ਸੁਖੋਈ ਤੀਹ ਲੜਾਕੂ ਜਹਾਜ਼ ਪਹੁੰਚ ਗਏ ਤੇ ਹੈਲੀਕਾਪਟਰਾਂ ਨੂੰ ਖਦੇੜ ਦਿੱਤਾ। ਉਨ੍ਹਾਂ ਕਿਹਾ ਕਿ ਚੀਨੀ ਹੈਲੀਕਾਪਟਰ ਰੈਗੂਲਰ ਰੂਪ ਨਾਲ ਆਪਣੇ ਖੇਤਰ ਵਿੱਚ ਉਡਾਣ ਭਰਦੇ ਰਹਿੰਦੇ ਹਨ। ਭਾਰਤੀ ਫੌਜ ਦੇ ਹੈਲੀਕਾਪਟਰ ਵੀ ਆਪਣੇ ਖੇਤਰ ਵਿੱਚ ਉਡਦੇ ਰਹਿੰਦੇ ਹਨ।

ਭਾਰਤ ਤੇ ਚੀਨ ਦੇ ਫੌਜੀਆਂ ਵਿਚਾਲੇ ਬੀਤੇ ਸ਼ਨੀਵਾਰ ਸਿੱਕਮ ਦੇ ਨਾਥੂ-ਲਾ ਇਲਾਕੇ ਵਿੱਚ ਝੜਪ ਹੋਈ ਸੀ। ਇਥੇ ਚੀਨ ਦੇ ਕੁਝ ਫੌਜੀ ਭਾਰਤੀ ਸਰਹੱਦ ਵਿੱਚ ਦਾਖਲ ਹੋ ਗਏ ਸਨ। ਭਾਰਤੀ ਫੌਜੀਆਂ ਨੇ ਇਸ ਦਾ ਵਿਰੋਧ ਕੀਤਾ ਤਾਂ ਦੇਖਦੇ ਹੀ ਦੇਖਦੇ ਦੋਵਾਂ ਦੇਸ਼ਾਂ ਦੇ ਲਗਭਗ ਡੇਢ ਸੌ ਫੌਜੀ ਇੱਕ ਦੂਜੇ ਦੇ ਸਾਹ-ਮਣੇ ਆ ਗਏ। ਇਸ ਤਣਾਅ ਨੇ ਪਥਰਾਅ ਦਾ ਰੂਪ ਲੈ ਲਿਆ ਸੀ। ਪੂਰਬੀ ਲੱਦਾਖ ਦੇ ਪੈਂਗੋਗ ਲੇਕ ਦੇ ਉਤਰੀ ਸਿਰੇ 'ਤੇ ਭਾਰਤ ਤੇ ਚੀਨ ਦੇ ਫੌਜੀਆਂ ਵਿਚਾਲੇ ਤਕਰੀਬਨ ਪੂਰੀ ਰਾਤ ਟਕਰਾਅ ਦੀ ਸਥਿਤੀ ਬਣੀ ਰਹੀ ਸੀ। ਇਸ ਵਿਚ ਦੋਵਾਂ ਦੇਸ਼ਾਂ ਦੇ ਕਈ ਫੌਜੀ ਜ਼ਖਮੀ ਹੋ ਗਏ। ਇਸ ਤੋਂ ਬਾਅਦ ਦੋਵੇਂ ਪਾਸਿਆਂ ਤੋਂ ਵਾਧੂ ਟੁਕੜੀਆਂ ਬੁਲਾ ਲਈਆਂ ਗਈਆਂ ਸਨ।

Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Mississauga $749,000**




7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**



3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**




39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**

Photo Not Available

7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**



7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**



Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

150 Windfields Farm Dr 86: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



124 Cornwall Rd: Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**




Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



Derry And Mclaughlin: One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration


We do appeal for Refusal cases also

Sponsor Your Family

MacroGlobal Immigration Services Ltd.

Seema Bhayana

MEMBER iccrc IMMIGRATION CONSULTANTS OF CANADA REGULATORY COUNCIL



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਵੇਲਜ਼ ਆਫ਼ ਹੰਬਰ ਸੀਨੀਅਰਜ਼ ਕਲੱਬ ਦੇ ਪ੍ਰਧਾਨ ਅਮਰੀਕ ਸਿੰਘ ਸੰਧੂ ਅਕਾਲ ਚਲਾਣਾ ਕਰ ਗਏ

ਬਰੈਂਪਟਨ, (ਡਾ. ਝੰਡ) - ਐਸਸਿਏਸ਼ਨ ਆਫ਼ ਸੀਨੀਅਜ਼ ਕਲੱਬਜ਼ ਬਰੈਂਪਟਨ ਦੇ ਸਕੱਤਰ ਨਿਰਮਲ ਸਿੰਘ ਧਾਰਤੀ ਤੋਂ ਪ੍ਰਾਪਤ ਸੂਚਨਾ ਅਨੁਸਾਰ ਵੇਲਜ਼ ਆਫ਼ ਹੰਬਰ ਸੀਨੀਅਰਜ਼ ਕਲੱਬ ਦੇ ਪ੍ਰਧਾਨ ਸ. ਅਮਰੀਕ ਸਿੰਘ ਬੀਤੇ ਦਿਨੀਂ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਨਿਵਾਜੇ ਹਨ। ਉਨ੍ਹਾਂ ਨੂੰ ਬੀਤੇ ਦਿਨੀਂ ਇਕ ਲੱਤ ਵਿਚ 'ਕਲੌਟ' (ਖ਼ੂਨ ਦੇ ਜਮਾਅ) ਆ ਜਾਣ ਕਾਰਨ ਬਰੈਂਪਟਨ ਦੇ ਸਿਵਿਕ ਹਸਪਤਾਲ ਵਿਚ ਵਿਚ ਦਾਖ਼ਲ ਹੋਣਾ ਪਿਆ ਜਿੱਥੇ ਡਾਕਟਰਾਂ ਵੱਲੋਂ ਖ਼ੂਨ ਨੂੰ ਪਤਲਾ ਕਰਨ ਵਾਲੀਆਂ ਦਵਾਈਆਂ (ਥਿੰਨਰਜ਼) ਦਿੱਤੀਆਂ ਗਈਆਂ। ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਦਵਾਈਆਂ ਨਾਲ ਉਹ ਕਲੌਟ ਤੀਸਰੇ ਦਿਨ ਉਨ੍ਹਾਂ ਦੇ ਦਿਲ ਵਿਚ ਚਲਾ ਗਿਆ ਅਤੇ ਇਹ 10 ਮਈ ਨੂੰ ਉਨ੍ਹਾਂ ਲਈ ਜਾਨ-ਲੇਵਾ ਸਾਬਤ ਹੋਇਆ। ਉਨ੍ਹਾਂ ਦੇ ਮ੍ਰਿਤਕ ਸਰੀਰ ਦਾ ਸਸਕਾਰ ਪਰਿਵਾਰਿਕ ਮੈਂਬਰਾਂ ਵੱਲੋਂ ਆਉਂਦੇ ਇਕ-ਦੋ ਦਿਨਾਂ ਵਿਚ ਕੀਤਾ ਜਾਏਗਾ ਅਤੇ ਕਰੋਨਾ ਦੇ ਇਨ੍ਹੀਂ ਦਿਨੀਂ ਚੱਲ ਰਹੇ ਅਜੋਕੇ ਪ੍ਰਕੋਪ ਕਾਰਨ ਇਸ ਵਿਚ ਕੇਵਲ ਪਰਵਾਰਿਕ ਮੈਂਬਰ ਹੀ ਸ਼ਾਮਲ ਹੋ ਸਕਣਗੇ।



ਉਹ ਬਹੁਤ ਮਿਹਨਤੀ ਇਨਸਾਨ ਸਨ ਅਤੇ ਸਮਾਜਿਕ ਕੰਮਾਂ ਨੂੰ ਪੂਰੀ ਤਰ੍ਹਾਂ ਪ੍ਰਣਾਏ ਹੋਏ ਸਨ। ਉਹ ਸੀਨੀਅਰਜ਼ ਕਲੱਬਾਂ ਦੀਆਂ ਵੱਖ-ਵੱਖ ਸਰਗ਼ਰਮੀਆਂ ਵਿਚ ਵੱਧ ਚੜ੍ਹ ਕੇ ਭਾਗ ਲੈਂਦੇ ਸਨ ਅਤੇ ਇਨ੍ਹਾਂ ਦੀਆਂ ਹੋਣ ਵਾਲੀਆਂ ਮਾਸਿਕ-ਇਕੱਤਰਤਾਵਾਂ ਵਿਚ ਸਮਾਜਿਕ ਭਲਾਈ ਲਈ ਕੀਤੇ ਜਾਣ ਵਾਲੇ ਕੰਮਾਂ ਲਈ ਬਹੁ-ਮੁੱਲੇ ਸੁਝਾਅ ਦਿੰਦੇ ਸਨ। ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬ ਦੇ ਸਲਾਨਾ ਸਮਾਗ਼ਮ ਅਤੇ ਹੋਰ ਮੀਟਿੰਗਾਂ ਵਿਚ ਆਪਣੀ ਭੂਮਿਕਾ ਬਹਤ ਵਧੀਆ ਤਰੀਕੇ ਨਾਲ ਨਿਭਾਉਂਦੇ ਸਨ। ਉਸ ਸਰਬ ਸ਼ਕਤੀਮਾਨ ਮਾਲਕ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਹੈ ਕਿ ਉਹ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਦੇ ਮੈਂਬਰਾਂ ਤੇ ਸਬੰਧੀਆਂ, ਦੋਸਤਾਂ ਮਿੱਤਰਾਂ ਨੂੰ ਇਹ ਭਾਣਾ ਮੰਨਣ ਦਾ ਬਲ ਬਖ਼ਸ਼ਣ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫ਼ਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



UKTTC UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

➡ Forklift Training
Forklift $79 Recertification
Counterbalance Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ

132" 88" 8 Seated Sofa

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20 Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741



ਬਰਾੜ ਗਰਾਜ ਡੋਰ


ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋਂ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cyclist ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਉਹਨਾਂ ਲੋਕਾਂ ਦਾ ਮੱਥਾ ਟੇਕਣਾ


ਕਰਨੈਲ ਸਿੰਘ ਟੋਰਾਂਟੋ
416-746-7642

ਤਥਾ=ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥

ਸੀਸਿ ਨਿਵਾਈਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥
(ਪੰਨਾ ੪੭੦)

ਤਥਾ = ਫਰਜੀ ਅਨੰਦ ਕਾਰਜ ਕਰਨ ਵਾਲੇ ਵੀ ਨਿੰਮਦੇ ਹਨ।
ਮਹਲਾ ੨॥
ਤਥਾ= ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥

ਨਾਨਕ ਦੋਵੈ ਕੂੜੀਆਂ ਥਾਇ ਨ ਕਾਈ ਪਾਇ॥੨॥
(ਪੰਨਾ ੪੭੪)

ਅਰਥ:- ਸਤਿਗੁਰੂ ਕਥਨ ਕਰਦੇ ਹਨ ਕਿ ਪਹਿਲਾ ਸ਼ਰਧਾਲੂ ਆਪਣੇ ਗੁਰੂ ਪੀਰ ਨੂੰ ਨਮਸਕਾਰ ਕਰਦਾ ਹੈ ਪਰ ਮਾਲਕ ਵਲੋਂ ਕੋਈ ਹੁਕਮ ਦੇਣ ਸਮੇਂ ਇਨਕਾਰ ਕਰਦਾ ਹੈ। ਜਵਾਬ ਦਿੰਦਾ ਹੈ, ਇਸ ਕਰਕੇ ਉਸ ਦੀ ਨਮਸਕਾਰ ਵੀ ਝੂਠੀ ਹੈ। ਜਵਾਬ ਦੇਣਾ ਤਾਂ ਝੂਠਾ ਹੈ ਹੀ ਉਹ ਮੁੱਢ ਤੋਂ ਹੀ ਘੁਥਾ ਭੁੱਲ ਜਾਂਦਾ ਹੈ।
ਤਥਾ=ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥
ਕਰਿ ਅਉਗਣ ਪਛੋਤਾਵਣਾ॥੧੪॥ ਪਉੜੀ॥

(ਪੰਨਾ ੪੭੦)

ਕਲਜੁਗ ਦੇ ਚੰਗੇ ਗੁਣ

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੋ ਦਿੜੇ ਕਲਿ ਕੇਵਲ ਨਾਮ ਅਧਾਰ॥੧॥
(ਪੰਨਾ ੩੪੬)

ਅਰਥ:- ਸਤਿਗੁਜ ਦੇ ਲੋਕ ਸੱਚ ਬੋਲਦੇ ਸੀ, ਤ੍ਰੇਤੇ ਜੁਗ ਵਿਚ ਯਗ ਆਦਿਕ ਕਰਦੇ ਸਨ, ਦੁਆਪਰ ਜੁਗ ਵਿਚ ਆਪੋ ਆਪਣੇ ਇਸ਼ਟ ਦੇਵ ਦੀ ਪੂਜਾ ਅਰਚਨਾ ਕਰਦੇ ਸਨ। ਧੂਫ ਆਦਿਕ ਦੇਣੀ ਫੁੱਲ ਅਰਪਨ ਕਰਨੇ, ਦੀਵੇ ਜੋਤਿ ਜਗਾਣੀ ਇਤਯਾਦਿਕ ਪੂਜਾ ਕਰਦੇ ਸੀ। ਪਿਛਲੇ ਤਿੰਨਾਂ ਜੁਗਾਂ ਦੇ ਤਿੰਨ ਤਰ੍ਹਾਂ ਦੇ ਧਰਮ ਦ੍ਰਿੜ ਕਰ ਲਏ ਹਨ। ਕਲਜੁਗ ਵਿਚ ਇਕ ਨਾਮ ਦਾ ਹੀ ਅਧਾਰ=ਆਸਰਾ ਹੈ।

ਪਹਿਲਿਆਂ ਜੁਗਾਂ ਵਾਲੇ ਕਰਮ ਧਰਮ ਦੀ ਕੋਈ ਗਤੀ ਨਹੀਂ।

ਸੂਹੀ ਮਹਲਾ ੫॥

ਤਥਾ= ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈਂ॥

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥੧॥

ਇਕ ਨਾਮ ਤੋਂ ਬਗੈਰ ਜੋ ਵੀ ਕਰਮ ਧਰਮ ਹਨ ਸਾਰਿਆਂ ਨੂੰ ਪਾਖੰਡ ਕਿਹਾ ਹੈ। ਪੰਚਮ ਪਾਤਸ਼ਾਹ ਨੇ ਨਿਰਬਾਣ ਕੀਰਤਨੁ=ਗੁਰ ਉਪਦੇਸ਼ ਵਾਹਿਗੁਰੂ ਮੰਤ੍ਰ ਦਾ ਸਿਮਰਨ ਕਰਨਾ ਹੀ ਠੀਕ ਕਿਹਾ ਹੈ। ਇਕ ਨਿਮੱਖ ਮਾਤ੍ਰ ਸਿਮਰਨ ਕਰਨ ਨਾਲ ਜਮਾਂ ਦੀ ਫਾਂਸੀ ਅਤੇ ਆਵਾਗਉਣ ਤੋਂ ਛੁਟ ਜਾਂਦਾ ਹੈ ਜੀਵ। ਇਹ ਕਲਜੁਗ ਦੇ ਰਾਜ ਵਿਚ ਚੰਗੇ ਗੁਣ ਹਨ। ਵਾਹਿਗੁਰੂ ਮੰਤ੍ਰ ਦਾ ਸਿਮਰਨ ਕਰੋ।
ਕੋਟਿ ਤੀਰਥ ਮਜਨ ਇਸ਼ਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ।
ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥੨॥

ਅਰਥ:- ਕਰੋੜਾਂ ਤੀਰਥਾਂ ਦਾ ਇਸ਼ਨਾਨ ਕਰਨਾ ਵੀ ਲਾਭਦਾਇਕ ਨਹੀਂ ਕਿਉਂਕਿ ਤੀਰਥ ਕਲਜੁਗ ਦੇ ਜੀਵਾਂ ਦੇ ਘੋਰ ਪਾਪਾਂ ਮਹਾਂ ਪਾਪਾਂ ਦੁਆਰਾ ਪਾਪਾਂ ਨਾਲ ਭਰ ਗਏ ਹਨ। ਹੁਣ ਪਾਪਾਂ ਨੂੰ ਲੈਣ ਦੀ ਸਮਰੱਥਾ ਨਹੀਂ ਰੱਖਦੇ। ਬਹੁਤ ਜ਼ਿਆਦਾ ਮੈਲੇ ਹੋ ਗਏ ਹਨ। ਜਿਹੜੇ ਮਨੁੱਖ ਸਾਧ ਸੰਗਤ ਵਿਚ ਬੈਠ ਕੇ ਹਰੀ ਦੇ ਗੁਣਾਂ ਨੂੰ ਗਾਂਦੇ ਹਨ, ਉਹ ਆਪਣੇ ਮਨ ਨੂੰ ਨਿਰਮਲ ਕਰ ਲੈਂਦੇ ਹਨ॥੨॥
ਬੇਦ ਕਤੇਬ ਸਿਮਰਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ॥
ਏਕੁ ਅਖਰੁ ਜੋ ਗੁਰਸਿਖ ਜਾਪੈ ਤਿਸ ਕੀ ਨਿਰਮਲ ਸੋਈ॥੩॥

ਅਰਥ:- ਚਾਰੇ ਬੇਦ, ਕਤੇਬ, ਸਤਾਈ ਸਿਮ੍ਰਿਤੀਆਂ, ਛੇ ਸ਼ਾਸਤ੍ਰ ਆਦਿਕ ਜੋ ਸਾਰੇ ਗ੍ਰੰਥ ਹਨ, ਇਨ੍ਹਾਂ ਗ੍ਰੰਥਾਂ ਨੂੰ ਪੜ੍ਹਿਆਂ ਮੁਕਤੀ ਨਹੀਂ ਹੁੰਦੀ। ਗੁਰਮੁਖ=ਗੁਰਾਂ ਦੁਆਰੇ ਇਕ ਅਖਰੁ=ਨਾਮ ਤੋਂ ਰਹਿਤ ਵਾਹਿਗੁਰੂ ਗੁਰਮੰਤ੍ਰ ਨੂੰ ਜਾਪੈ=ਜਪਦਾ ਹੈ, ਉਸ ਦੀ ਬੁਧੀ ਨਿਰਮਲ ਮੈਲ ਤੋਂ ਰਹਿਤ ਹੋਵੇਗੀ। ਜਗਤ ਵਿਚ ਸੋਭਾ ਪ੍ਰਾਪਤ ਹੋਵੇਗੀ। ਸਿਮਰਨ ਦੀ ਕ੍ਰਿਪਾ ਹੋਵੇਗੀ।

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਂਝਾ॥

ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥੪॥੩॥

(ਪੰਨਾ ੭੪੭)

ਅਰਥ:- ਪੰਚਮ ਗੁਰੂ ਸਾਹਿਬ ਕਥਨ ਕਰਦੇ ਹਨ ਖੱਤ੍ਰੀ, ਬ੍ਰਾਹਮਣ, ਵੈਸ਼, ਸੂਦ੍ਰ, ਚੌਹਾਂ ਵਰਨਾਂ ਤਾਈਂ ਸਾਂਝਾ ਉਪਦੇਸ਼ ਹੈ। ਜਿਹੜਾ ਪੁਰਖ ਗੁਰਮੁਖਿ ਪੂਰੇ ਗੁਰਾਂ ਦੁਆਰੇ ਨਾਮ ਜਪੇਗਾ ਉਹ ਸੰਸਾਰ ਸਮੁੰਦਰ ਤੋਂ ਤਰ ਜਾਵੇਗਾ, ਅਤੇ ਪਰਮਾਤਮਾ ਨੂੰ ਘਟਾਂ ਘਟਾਂ ਵਿਚ ਜਾਣੇਗਾ।

| | | |
|---|---|---|
| ੧. ਸਤਜੁਗ ਦੀ ਉਮਰਾਂ | = | ੧੭੨੯੦੦੦ ਸਾਲ ਦੀ |
| ੨. ਤ੍ਰੇਤੇ ਜੁਗ | = | ੧੨੯੬੦੦੦ ਸਾਲ ਦੀ |
| ੩. ਦੁਆਪਰ ਜੁਗ | = | ੦੮੬੪੦੦੦ ਸਾਲ ਦੀ |
| ੪. ਕਲਜੁਗ | = | ੪੩੨੦੦੦ ਸਾਲ ਦੀ |
| ਚਹੁੰ ਜੁਗਾਂ ਦੀ ਉਮਰਾ | = | ੪੩੨੦੦੦੦ ਸਾਲ ਦੀ |

ਸਤਿਜੁਗ ਦੇ ਬੰਦਿਆਂ ਦੀ ਉਮਰਾ = 100000 ਇਕ ਲਖ ਸਾਲ
ਤ੍ਰੇਤੇ ਦੇ ਬੰਦਿਆਂ ਦੀ ਉਮਰਾ = 10000 ਦਸ ਹਜ਼ਾਰ ਸਾਲ
ਦੁਆਪਰ ਦੇ ਬੰਦਿਆਂ ਦੀ ਉਮਰਾ = 1000 ਇਕ ਹਜ਼ਾਰ ਸਾਲ
ਕਲਜੁਗ ਦੇ ਬੰਦਿਆਂ ਦੀ ਉਮਰਾ = 100 ਇਕ ਸੌ ਸਾਲ

ਸਤਿਜੁਗ ਦੇ ਲੋਕ ਸੋਜੀ ਸੰਭਲਣ ਤੋਂ ਬਾਦ ਸਾਰੀ ਉਮਰਾ ਪ੍ਰਭੂ ਦੀ ਪ੍ਰਾਪਤੀ ਲਈ ਤੀਰਥਾਂ 'ਤੇ ਨਹਾਉਣਾ ਅਤੇ ਜੰਗਲਾਂ ਆਦਿਕ ਵਿਚ ਕਠਿਨ ਤਪ, ਹਠ ਜੋਗ ਕਰਦੇ ਸੀ ਤਾਂ ਜਾਕੇ ਪ੍ਰਭੂ ਦੀ ਪ੍ਰਾਪਤੀ ਹੁੰਦੀ ਸੀ। ਤ੍ਰੇਤੇ ਜੁਗ ਦੇ ਲੋਕ ਦਸ ਹਜ਼ਾਰ ਬਰਸ ਸੋਝੀ ਸੰਭਾਲਣ ਤੋਂ ਬਾਦ ਜੱਗ ਆਦਿਕ ਕਰਦੇ ਸੀ। ਹੋਰ ਕਈ ਤਰ੍ਹਾਂ ਦੇ ਯਤਨ ਕਰਦੇ ਸੀ। ਪ੍ਰਭੂ ਦੀ ਪ੍ਰਾਪਤੀ ਲਈ 10000 ਬਰਸ ਸਾਰੀ ਉਮਰਾਂ ਦੀ ਘਾਲਣਾ ਤੋਂ ਬਾਦ ਪ੍ਰਭੂ ਦੀ ਪ੍ਰਾਪਤੀ ਹੁੰਦੀ ਸੀ। ਰਾਮ ਚੰਦ੍ਰ ਜੀ ਨੇ ਦਸ ਹਜ਼ਾਰ ਬਰਸ ਰਾਜ ਕੀਤਾ ਹੈ, ਦਸਮ ਗ੍ਰੰਥ ਵਿਚ ਲਿਖਿਆ ਹੈ।

ਦੁਆਪਰ ਜੁਗ ਦੇ ਲੋਕ ਵੀ ਇਕ ਹਜ਼ਾਰ (1000) ਬਰਸ ਦੀ ਉਮਰਾ ਬਚਪਨ ਤੋਂ ਬਾਦ ਸਾਰੀ ਉਮਰਾ ਪੂਜਾ ਅਰਚਨਾ ਕਰਨੀ, ਤੀਰਥਾਂ ਤੇ ਵਿਚਰਣਾ, ਧੂਣੀਆਂ ਧਾਪਣੀਆਂ ਦਰਖਤਾਂ ਨਾਲ ਪੁੱਠੇ ਲਟਕਣਾ, ਭੁੱਖੇ ਰਹਿਣਾ ਅੰਨ ਛੱਡਕੇ ਜੰਗਲਾਂ ਵਿਚ ਰਹਿਣਾ ਅਤੇ ਦਰਖਤਾਂ ਦੇ ਪੱਤੇ ਜਿਮੀਕੰਧ ਜਾਂ ਕੋਈ ਫਲ ਵਗੈਰਾ ਖਾਣਾ। ਸਾਰੀ ਉਮਰਾਂ ਕਈ ਤਰ੍ਹਾਂ ਦੇ ਕਠਿਨ ਤਪ ਕਰਦੇ ਸੀ, ਤਾਂ ਕਿਤੇ ਪ੍ਰਭੂ ਦੀ ਪ੍ਰਾਪਤੀ ਹੁੰਦੀ ਸੀ। ਕਲਜੁਗ ਵਿਚ=ਕਠਿਨ ਤਪ, ਭੁੱਖੇ ਰਹਿਣਾ, ਜੰਗਲਾਂ 'ਚ ਜਾਣ ਦੀ ਜ਼ਰੂਰਤ ਨਹੀਂ, ਨਾ ਹੀ ਇਨ੍ਹਾਂ ਕਰਮਾਂ ਧਰਮਾਂ ਦਾ ਕੋਈ ਲਾਭ ਪ੍ਰਾਪਤ ਹੋਣਾ ਹੈ।
੭੪੭= ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥
ਨਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥੧॥

ਅਰਥ:- ਇਕ ਨਿਮਖ ਸਿਮਰਤ=ਸਿਮਰਨ ਕਰਨ ਨਾਲ ਭਵਜਲ ਤੋਂ ਛੁਟ ਜਾਈਦਾ ਹੈ। ਇਸ ਕਰਕੇ ਕਲਜੁਗ ਵਿਚ ਪ੍ਰਭੂ ਨੂੰ ਮਿਲਣਾ ਸੌਖਾ ਹੈ।
(ਦਸਮ ਗ੍ਰੰਥ ਪੰਨਾ ੧੫)

ਤਥਾ=ਏਕ ਚਿੱਤ ਜਿਹ ਇਕ ਛਿਨ ਧਿਆਉ॥ ਕਾਲ ਫਾਸ਼ ਕੇ ਬੀਚਨ ਆਇਉ॥

ਤਥਾ=ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥੧॥ ਰਹਾਉ॥

ਸੂਹੀ ਮਹਲਾ ੧-੭੨੮

ਵਾਰ ੨੬-੭. ਚਹੁੰ ਜੁਗਾਂ ਦੇ ਧਰਮਾਂ ਦਾ ਵਰਣਨ

੧. ਸਤਿਜੁਗਿ ਪਾਪ ਕਮਾਣਿਆ ਇਕਸ ਪਿਛੈ ਦੇਸੁ ਦੁਖਾਲਾ।
੨. ਤ੍ਰੇਤੈ ਨਗਰੀ ਪੀੜੀਐ ਦੁਆ-ਪਰਿ ਪਾਪੁ ਵੰਸੁ ਕੋ ਗਾਲਾ।
੩. ਕਲਿਜੁਗਿ ਬੀਜੈ ਸੋ ਲੂਣੈ ਵਰਤੈ ਧਰਮ ਨਿਆਉ ਸੁਖਾਲਾ।
੪. ਫਲੈ ਕਮਾਣਾ ਤਿਹੁ ਜੁਗੀਂ ਕਲਜੁਗਿ ਸਫਲੁ ਧਰਮੁ ਤਤਕਾਲਾ।
੫. ਪਾਪ ਕਮਾਣੈ ਲੇਪੁ ਹੈ ਚਿਤਵੈ ਧਰਮ ਸੁਫਲੁ ਫਲ ਵਾਲਾ।
੬. ਭਾਇ ਭਗਤਿ ਗੁਰਪੁਰਬ ਕਰਿ ਬੀਜਨਿ ਬੀਜੁ ਸਚੀ ਧਰਮਸਾਲਾ।
੭. ਸਫਲ ਮਨੋਰਥ ਪੂਰਣ ਘਾਲਾ॥੭॥ ਵਾਰ ੧-੭

੪੦੬ ਸਤ ਜੁਗੁ ਤ੍ਰੇਤਾ, ਦੁਆਪੁਰ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ॥
ਅਹਿ ਕਰੁ ਕਰੇਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥੩॥

ਬਸੰਤੁ ਮਹਲਾ ੫॥
ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥
ਅਨ ਰੁਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥
(ਪੰਨਾਂ ੧੧੮੫)

ਅਰਥ:- ਹੁਣ ਕਲਜੁਗ ਆਇਆ ਹੈ, ਇਸ ਵਿਚ ਇਕ ਨਾਮ ਜਪਣ ਦਾ ਬੀਜ ਬੀਜਣਾ ਹੈ। ਹੋਰ ਕਿਸੇ ਕਰਮਾਂ ਧਰਮਾਂ ਦੀ ਰੁੱਤ ਨਹੀਂ ਹੈ। ਮਤਾਂ ਭੁੱਲ ਜਾਉ। ਭੁੱਲਕੇ ਵੀ ਕਿਸੇ ਕਰਮਾਂ ਧਰਮਾਂ ਵਿਚ ਨਾ ਭੁਲੋ।
ਤਥ= ਹੁਣਿ ਵਤੈ ਹਰਿ ਨਾਮੁ ਨਾ ਬੀਜਿਓ ਅਗੈ ਭੁਖਾ ਕਿਆ ਖਾਏ॥

ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥੨॥

(ਪੰਨਾ ੪੫੦)

ਧਨਾਸਰੀ ਨਾਮ ਦੇਵ ਜੀ ਕੀ

ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥

ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥੧॥

(ਪੰਨਾ ੬੯੨)

ਅਰਥ:- ਨਾਮੁ ਦੇਵ ਜੀ ਕਥਨ ਕਰਦੇ ਹਨ ਹੇ ਦੁਨੀਆਂ ਦੇ ਲੋਕੋ ਇਸ ਦੁਨੀਆਂ ਵਿਚ ਆ ਕੇ ਡੂੰਘੀਆਂ ਨੀਹਾਂ ਪੱਟਕੇ ਉਪਰ ਉਚੀਆਂ ਉਟਾਰੀਆਂ ਉਸਾਰ ਦਿਤੀਆਂ ਹਨ। ਸੋਹਣੇ ਮੰਡਪ ਬਣਾਏ ਹਨ। ਪਰ ਅਕਾਲ ਦੇ ਬੰਦੇ ਐਸਾ ਨਹੀਂ ਕਰਦੇ। ਉਹ ਇਤਨਾ ਹੀ ਪਿਆਰ ਜਾਂ ਟਾਈਮ ਨਾਮੁ ਜਪਣ ਵਿਚ ਮਾਲਕ ਦੇ ਰੰਗਾਂ ਵਿਚ ਲਗਾਉਂਦੇ ਹਨ।

ਮਾਰਕੰਡਾ ਰਿਖੀ ਦੀ ਉਮਰਾ ਲੱਖਾਂ ਵਰ੍ਹਿਆਂ ਦੀ ਸੀ, ਉਸ ਤੋਂ ਵੀ ਤੁਹਾਡੀ ਉਮਰਾ ਵੱਡੀ ਹੈ, ਜਿਸ ਮਾਰਕੰਡ ਨੇ ਲੱਖਾਂ ਵਰ੍ਹਿਆਂ ਦੀ ਉਮਰ ਬਿਤਾਈ ਪਰ ਸਿਰ ਉਤੇ ਘਾਹ ਦੀਆਂ ਤਿੜਾਂ ਰੱਖ ਲੈਣੀਆਂ ਜਾਂ ਧੁੱਪ ਜਾਂ ਠੰਡ ਜਾਂ ਬਾਰਸ਼ ਹੋਵੇ। ਲੱਖਾਂ ਬਰਸ ਦੀ ਉਮਰ ਭੋਗੀ ਪਰ ਮੰਡਪ ਨਹੀਂ ਉਸਾਰੇ। ਕਹਿੰਦਾ ਸੀ ਕਿਹੜਾ ਏਥੇ ਬੈਠੇ ਰਹਿਣਾ ਹੈ ਚਾਰ ਦਿਨ ਦਾ ਰੈਣ ਵਸੇਰਾ ਹੈ। ਪ੍ਰਭੂ ਦਾ ਨਾਮ ਜਪਣ ਸਿਮਰਨ ਵਿਚ ਸਮਾਂ ਲਗਾਂਦੇ ਸਨ। ਘਾਹ ਦੀਆਂ ਤਿੜਾਂ ਦੀ ਸੱਫ ਜੇਹੀ ਗੁੰਦ ਕੇ ਮੂੰਡ ਬਿਲਾਏ॥੧॥ ਸਿਰ ਨੂੰ ਢੱਕ ਲੈਂਦੇ ਸੀ।
ਤਥਾ= ਕਰਨਿ ਤਪਸਿਆ ਬਨਿ ਵਿਖੈ ਵਖਤੁ ਗੁਜਾਰਨਿ ਪਿੰਨੀ ਸਾਗੇ॥

ਲਖਿ ਵਰ੍ਹਿਆਂ ਦੀ ਆਰਜਾ ਕੋਠੇ ਕੋਟਿ ਨ ਮੰਦਰਿ ਸਜੇ॥
ਭਾਈ ਸਾ: ਜੀ: ਵਾਰ ੧ ਪਉੜੀ ੫

ਹਮਰੋ ਕਰਤਾ ਰਾਮੁ ਸਨੇਹੀ॥ ਕਾਹੇ ਰੇ ਨਰ ਗਰਬੁ ਕਰਤ
ਹਹੁ ਬਿਨਸਿ ਜਾਇ ਝੂਠੀ ਦੇਹੀ॥੧॥ ਰਹਾਉ॥

ਅਰਥ:- ਸਾਡਾ ਸਨੇਹੀ ਤਾਂ ਰਾਮ ਹੈ, ਉਸ ਤੋਂ ਬਿਨਾਂ ਸਾਡਾ ਕੋਈ ਨਹੀਂ। ਤੁਸੀਂ ਹੇ ਨਰ! ਕਿਉਂ ਇਤਨਾ ਹੰਕਾਰ ਕਰਦੇ ਹੋ। ਇਸ ਝੂਠੀ ਦੇਹੀ ਨੇ ਇਕ ਦਿਨ ਨਾਸ ਹੋ ਜਾਣਾ ਹੈ। ਰੱਬ ਦੀ ਬੰਦਗੀ ਕਰੋ। ਬੰਦਗੀ ਕਰਕੇ ਅਗੇ ਜਾਣਾ ਸੁਹੇਲਾ ਹੋ ਜਾਵੇਗਾ। ਮੋਖਸ਼ ਮਿਲੇਗਾ। ਇਸੇ ਤਰ੍ਹਾਂ ਵਿਸ਼ਿਸ਼ਟ ਮੁਨੀ ਆਤਮ ਦਰਸ਼ੀ ਬ੍ਰਹਮ ਗਿਆਨੀ ਸਾਧੂ ਹੋਏ ਹਨ। ਪਹੇਵੇ ਦੀ ਧਰਤੀ 'ਤੇ ਅਠਾਸੀ ਹਜ਼ਾਰ ਬਰਸ ਤਪ ਕੀਤਾ ਹੈ ਤ੍ਰੇਤੇ ਦੇ ਅਵਤਾਰ ਰਾਮਚੰਦ੍ਰ ਜੀ ਦੇ ਪੂਜਨੀਕ ਗੁਰੂ ਦੇਵ ਸਨ ਵਸ਼ਿਸ਼ਟ ਮੁਨੀ। ਲੰਕਾ ਨੂੰ ਜਾਣ ਸਮੇਂ ਜਿਹੜਾ ਪੁਲ ਬੰਨ੍ਹਿਆ ਸੀ, ਵਸ਼ਿਸ਼ਟ ਮੁਨੀ ਗੁਰੂ ਨੇ ਰਾਮ ਚੰਦੁ ਨੂੰ ਜੁਗਤ ਦੱਸੀ। ਇਕ ਪੱਥਰ 'ਤੇ ਰਕਾਰ ਦੂਜੇ 'ਤੇ ਮਕਾਰ ਲਿਖਿਆ ਸੀ ਅਤੇ ਨਲ ਤੇ ਨੀਲ ਦੇ ਹਥੋਂ ਪੱਥਰ ਪਾਣੀ ਵਿਚ ਪਵਾਉ ਕਿਉਂਕਿ ਨਲ ਅਤੇ ਨੀਲ ਨੂੰ ਰਿਖੀਆਂ ਦਾ ਸਰਾਪ ਮਿਲਿਆ ਸੀ ਕਿ ਤੁਹਾਡੇ ਹੱਥੋਂ ਪੱਥਰ ਵੀ ਨਹੀਂ ਡੁੱਬਣਗੇ ਪਾਣੀ ਵਿਚ। ਰਕਾਰ ਅਤੇ ਮਕਾਰ ਦੋਵੇਂ ਨਾਮ ਅਕਾਲ ਪੁਰਖ ਦੇ ਹਨ।

ਰਾਮ ਕਲੀ ਮ: ੧ ਸਿੱਧ ਗੋਸ਼ਟ (ਪੰਨਾਂ ੯੪੨)
ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥
ਲੰਕਾ ਲੂਟੀ ਦੈਤ ਸੰਤਾਪੈ॥

ਅਰਥ:- ਗੁਰਮੁਖਿ=ਵਸ਼ਿਸ਼ਟ ਗੁਰੂਦੁਆਰੇ ਬਿਧਾਤੈ=ਦਾਤੇ ਸ੍ਰੀ ਰਾਮ ਚੰਦ੍ਰ ਜੀ ਨੇ ਸਮੁੰਦਰ ਉਤੇ ਸੇਤੁ=ਪੁਲ ਬੰਨ੍ਹਿਆ, ਸ੍ਰੀ ਲੰਕਾ ਤੇ ਰਾਵਣ ਦਾ ਰਾਜ ਸੀ, ਉਸ ਲੰਕਾ ਨੂੰ ਲੁਟਿਆ ਅਤੇ ਸਾਰੇ ਦੈਂਤਾਂ ਨੂੰ ਸੰਤਾਪ=ਦੁਖ ਦਿਤਾ ਅਤੇ ਤੇਤੀ ਕਰੋੜ ਦੇਵਤੇ ਰਾਵਣ ਦੇ ਬੰਦੀ ਖਾਨੇ ਤੋਂ ਆਜ਼ਾਦ ਕਰਵਾਏ। ਦੇਵਤਿਆਂ ਨੇ ਰਾਮ ਜੀ ਦੀ ਜੈ ਜੈ ਕਾਰ ਕੀਤੀ ਅਤੇ ਖੁਸ਼ੀ ਵਿਚ ਫੁੱਲਾਂ ਦੀ ਵਰਖਾ ਕੀਤੀ, ਮਜਦੂਰੀ ਤੋਂ ਬਚ ਗਏ।
ਤਥਾ= ਗੁਰਮੁਖਿ ਸਾਇਰਿ ਪਾਹਣ ਤਾਰੇ ਗੁਰਮੁਖਿ ਕੋਟਿ ਤੇਤੀਸ ਉਧਾਰੇ॥੪੦॥
ਕਲਜੁਗ ਦੇ ਸਮੇਂ ਅੰਦਰਿ ਨਾਮੁ ਜਪਦਿਆਂ ਹੀ ਸਮਾਂ ਅਤੇ ਜਨਮ ਸਫਲਾ ਹੈ॥
ਤਥਾ= ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆਂ॥ ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆਂ॥੧॥
ਸੂਹੀ ਮਹਲਾ ੫॥ (ਪੰਨਾ ੭੬੧)
ਮ: ੩॥
ਤਥਾ= ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ॥

ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ॥੨॥

(ਪੰਨਾਂ ੮੪)
ਹੋਈਆਂ ਭੁਲਾਂ ਦੀ ਮੁਆਫੀ ਚਾਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

- ਕਰਨੈਲ ਸਿੰਘ ਟੋਰਾਂਟੋ: 416-746-7642

# ਮੈਂ ਹੁਸ਼ਿਆਰ ਸਿੰਘ ਹਾਂ..

-ਪ੍ਰਿੰਸੀਪਲ ਵਿਜੈ ਕੁਮਾਰ

ਕਾਫੀ ਸਾਲ ਪਹਿਲਾਂ ਦੀ ਗੱਲ ਹੈ, ਉਦੋਂ ਮੈਂ ਲੈਕਚਰਰ ਸਾਂ। ਪ੍ਰੀਖਿਆ ਡਿਊਟੀ ਦੇਣ ਤੋਂ ਕੁਝ ਝਿਜਕਦਾ ਸਾਂ। ਜੇ ਕਦੇ ਡਿਊਟੀ ਲੱਗ ਜਾਂਦੀ ਤਾਂ ਓਹੜ-ਪੋਹੜ ਕਰਕੇ ਕਟਵਾ ਲੈਂਦਾ। ਅਸਲ ਵਿੱਚ ਮੈਂ ਨਕਲ ਦੇ ਸਖਤ ਖਿਲਾਫ ਸਾਂ ਤੇ ਨਕਲ ਰੋਕਣ ਉੱਤੇ ਲੋਕ ਤੇ ਅਧਿਆਪਕ ਸਾਥੀ ਅਕਸਰ ਨਾਰਾਜ਼ ਹੋ ਜਾਂਦੇ ਸਨ। ਇੱਕ ਵਾਰ ਖਾਲਸਾ ਸਕੂਲ ਵਿੱਚ ਲੱਗੀ ਡਿਪਟੀ ਸੁਪਰਡੈਂਟ ਦੀ ਡਿਊਟੀ ਕਟਵਾ ਨਾ ਸਕਿਆ, ਡਿਊਟੀ ਦੇਣੀ ਹੀ ਪਈ। ਸਾਡੇ ਗੁਆਂਢੀ ਸੂਬੇ ਦੇ ਬਹੁਤ ਸਾਰੇ ਮੁੰਡੇ-ਕੁੜੀਆਂ ਪੰਜਾਬ ਵਿੱਚ ਨੌਕਰੀ ਲੈਣ ਲਈ ਪੰਜਾਬੀ ਦਾ ਪਰਚਾ ਪਾਸ ਕਰਨ ਲਈ ਪ੍ਰੀਖਿਆ ਦੇਣ ਆਉਂਦੇ ਹਨ। ਉਸ ਪ੍ਰੀਖਿਆ ਕੇਂਦਰ ਵਿੱਚ ਵੀ ਕੁਝ ਬੱਚੇ ਪੰਜਾਬੀ ਵਿਸ਼ੇ ਦਾ ਪਰਚਾ ਦੇ ਰਹੇ ਸਨ। ਮੈਂ ਕਾਫੀ ਸਖਤੀ ਨਾਲ ਨਕਲ ਰੋਕੀ ਹੋਈ ਸੀ।

ਪ੍ਰੀਖਿਆ ਸ਼ੁਰੂ ਹੋਣ ਤੋਂ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ ਪਹੁੰਚ ਜਾਂਦਾ ਸਾਂ। ਇੱਕ ਦਿਨ ਕਮਰੇ ਵਿੱਚ ਬੈਠਾ ਅਖਬਾਰ ਪੜ੍ਹ ਰਿਹਾ ਸਾਂ, ਪਤਾ ਨਹੀਂ, ਲੰਮੇ-ਝੰਮੇ ਮੁੰਡੇ ਨੇ ਆਪਣੇ ਕਮਰੇ ਵਿੱਚ ਮੇਰੀ ਡਿਊਟੀ ਹੋਣ ਦਾ ਕਿਵੇਂ ਪਤਾ ਕਰ ਲਿਆ ਸੀ! ਕਾਫੀ ਵੱਡਾ ਸੈਂਟਰ ਹੋਣ ਕਰਕੇ ਬੱਚਿਆਂ ਦੀ ਗਿਣਤੀ ਵੀ ਕਾਫੀ ਸੀ। ਉਹ ਆ ਕੇ ਕਹਿਣ ਲੱਗਾ, 'ਸਰ, ਮੈਂ ਬੜੇ ਗਰੀਬ ਪਰਵਾਰ ਤੋਂ ਹਾਂ। ਅਸੀਂ ਛੇ ਭੈਣ-ਭਰਾ ਹਾਂ। ਪਿਤਾ ਜੀ ਦੋਵਾਂ ਅੱਖਾਂ ਤੋਂ ਅੰਨ੍ਹੇ ਹਨ। ਬੱਸ, ਲੋਕਾਂ ਦੇ ਸਹਾਰੇ ਮੈਂ ਬਾਰ੍ਹਵੀਂ ਪਾਸ ਕੀਤੀ ਹੈ। ਜੇ ਤੁਸੀਂ ਕੁਝ ਸਹਾਇਤਾ ਕਰ ਦਿਉ ਤਾਂ ਮੈਂ ਕਿਸੇ ਨਾ ਕਿਸੇ ਰੁਜ਼ਗਾਰ ਤੇ ਲੱਗ ਜਾਵਾਂਗਾ।' ਮੈਂ ਉਸ ਵੱਲ ਟੇਢਾ ਜਿਹਾ ਝਾਕਿਆ। ਉਸ ਤੋਂ ਪੱਲਾ ਛੁਡਾਉਣ ਲਈ ਮੈਂ ਉਸ ਨੂੰ ਨਾ ਹਾਂ ਕੀਤੀ, ਨਾ ਨਾਂਹ। ਉਹ ਮੇਰੇ ਕੋਲੋਂ ਚਲਾ ਤਾਂ ਗਿਆ ਪਰ ਆਪਣੀ ਲਾਚਾਰੀ ਅਤੇ ਮਜਬੂਰੀਆਂ ਦਾ ਢੇਰ ਮੇਰੇ ਕੋਲ ਛੱਡ ਗਿਆ। ਉਹ ਮੇਰੇ ਕੋਲੋਂ ਬੇਉਮੀਦਾ ਹੋ ਕੇ ਗਿਆ ਸੀ ਕਿਉਂਕਿ ਮੈਂ ਉਸ ਕੋਲੋਂ ਉਸ ਦਾ ਨਾਂ, ਰੋਲ ਨੰਬਰ ਵੀ ਨਹੀਂ ਪੁੱਛਿਆ।

ਖੈਰ! ਪਰਚਾ ਸ਼ੁਰੂ ਹੋਇਆ। ਮੈਂ ਪ੍ਰੀਖਿਆ ਹਾਲ ਵਿੱਚ ਘੁੰਮਣ ਲੱਗ ਪਿਆ। ਉਹ ਮੁੰਡਾ ਚੁੱਪ-ਚਾਪ, ਬੜੇ ਆਰਾਮ ਨਾਲ ਆਪਣਾ ਪਰਚਾ ਲਿਖ ਰਿਹਾ ਸੀ। ਉਸ ਤੋਂ ਹਾਜ਼ਰੀ ਸ਼ੀਟ ਤੇ ਦਸਖਤ ਕਰਾਉਣ ਗਿਆ ਤਾਂ ਉਸ ਦਾ ਪਰਚਾ ਦੇਖਿਆ, ਉਸ ਦੀ ਲਿਖਾਈ ਕਾਫੀ ਸੋਹਣੀ ਸੀ। ਇਹ ਸਭ ਦੇਖ ਪੁੱਛਣੋਂ ਨਾ ਰਹਿ ਸਕਿਆ, "ਕਾਕਾ ਤੈਨੂੰ ਪਰਚਾ ਤਾਂ ਆਉਂਦਾ ਹੈ।" ਉਹ ਬੋਲਿਆ, "ਸਰ ਮੈਂ ਪੂਰਾ ਪੜ੍ਹ ਕੇ ਆਇਆ ਹਾਂ, ਤੁਹਾਨੂੰ ਇਸ ਲਈ ਬੇਨਤੀ ਕੀਤੀ ਸੀ ਕਿ ਮੇਰੇ ਹੱਥੋਂ ਪਾਸ ਹੋਣ ਦਾ ਮੌਕਾ ਨਾ ਨਿਕਲ ਜਾਵੇ।" ਮੁੰਡੇ ਵੱਲੋਂ ਆਪਣੀ ਸਿਫਾਰਿਸ਼ ਆਪੇ ਪਾਉਣ ਦੀ ਫਿਰਕੀ ਪਹਿਲਾਂ ਹੀ ਦਿਮਾਗ ਅੰਦਰ ਚੱਲ ਰਹੀ ਸੀ, ਉਸ ਦੀਆਂ ਸਹਿਜ ਗੱਲਾਂ ਨੇ ਅੰਦਰੋਂ ਹਿਲਾ ਕੇ ਰੱਖ ਦਿੱਤਾ। ਮੈਂ ਮਨੋ-ਮਨ ਉਸ ਦੀ ਮਦਦ ਲਈ ਤਿਆਰ ਹੋ ਰਿਹਾ ਸਾਂ। ਪ੍ਰੀਖਿਆ ਖਤਮ ਹੋਣ ਨੂੰ ਕਰੀਬ ਪੌਣਾ ਘੰਟਾ ਰਹਿ ਗਿਆ ਸੀ। ਦੋ ਕੁੜੀਆਂ ਆਪਣਾ ਪਰਚਾ ਦੇ ਕੇ ਚਲੀਆਂ ਗਈਆਂ। ਇਨ੍ਹਾਂ ਵਿੱਚੋਂ ਇੱਕ ਕੁੜੀ ਦੇ ਸੈਂਟ ਦਾ ਪਰਚਾ ਉਸ ਮੁੰਡੇ ਦੇ ਪਰਚੇ ਨਾਲ ਮਿਲਦਾ ਸੀ। ਪਤਾ ਨਹੀਂ ਕਿਹੜੇ ਵੇਲੇ ਮੈਂ ਉਹ ਪਰਚਾ ਉਸ ਮੁੰਡੇ ਨੂੰ ਫੜਾ ਦਿੱਤਾ। ਮੁੰਡੇ ਨੇ ਓਨੇ ਹੀ ਸਹਿਜ ਨਾਲ ਪਰਚੇ ਦੇ ਬੀ ਭਾਗ ਲਈ ਵੀ ਸਹਾਇਤਾ ਮੰਗੀ। ਉਹ ਮੇਰੀਆਂ ਅੱਖਾਂ ਅੰਦਰ ਸਿੱਧਾ ਝਾਕ ਰਿਹਾ ਸੀ। ਤਨ-ਮਨ ਵਿੱਚ ਇੱਕ ਵਾਰ ਫਿਰ ਲਰਜ਼ਿਸ਼ ਜਿਹੀ ਮਹਿਸੂਸ ਹੋਈ। ਸੱਚ-ਮੁੱਚ ਮੇਰੇ ਸਿਧਾਂਤ ਪਿਘਲ ਕੇ ਵਹਿ ਤੁਰੇ ਅਤੇ ਮੈਂ ਜਿਵੇਂ ਕਿਵੇਂ ਪਹਿਲੇ ਪਰਚੇ ਵਾਲੀ ਗੱਲ ਦੁਹਰਾ ਦਿੱਤੀ। ਮੇਰੇ ਲਈ ਆਪਣੇ ਸਿਧਾਂਤਾਂ ਨਾਲੋਂ ਉਸ ਦੇ ਹਾਲਾਤ ਅਨੁਸਾਰ ਉਸ ਦੀ ਸਹਾਇਤਾ ਕਰਨਾ ਸ਼ਾਇਦ ਜ਼ਿਆਦਾ ਅਹਿਮ ਹੋ ਗਿਆ ਸੀ!

ਪ੍ਰੀਖਿਆ ਦਾ ਸਾਰਾ ਕੰਮ ਨਿਬੇੜ ਕੇ ਪ੍ਰੀਖਿਆ ਕੇਂਦਰ ਤੋਂ ਬਾਹਰ ਆਇਆ ਤਾਂ ਉਹ ਬਾਹਰ ਖੜ੍ਹਾ ਮੇਰੀ ਉਡੀਕ ਕਰ ਰਿਹਾ ਸੀ। ਮੈਂ ਪੁੱਛਿਆ, "ਕਾਕਾ ਤੂੰ ਅਜੇ ਗਿਆ ਨਹੀਂ?" ਇਸ ਵਾਰ ਉਹ ਥੋੜ੍ਹਾ ਝਿਜਕਦਾ ਜਿਹਾ ਬੋਲਿਆ, "ਅਸੀਂ ਗਰੀਬ ਲੋਕ ਤੁਹਾਡੇ ਕਿਸੇ ਕੰਮ ਨਹੀਂ ਆ ਸਕਦੇ ਪਰ ਤੁਹਾਡੀ ਤਰੱਕੀ ਅਤੇ ਚੰਗੀ ਸਿਹਤ ਲੋੜਦੇ ਆਂ।" ਉਹਦੀਆਂ ਗੱਲਾਂ ਵਿੱਚ ਮਾਸੂਮੀਅਤ ਤੇ ਸਾਦਗੀ ਸੀ। ਮੈਂ ਉਸ ਦਾ ਨਾਂ ਪੁੱਛ ਕੇ ਉਸ ਤੋਂ ਵਿਦਾ ਲੈ ਲਈ। ਉਸ ਦਾ ਨਾਂ ਹੁਸ਼ਿਆਰ ਸਿੰਘ ਸੀ। ਮੇਰੇ ਪਰਮ ਮਿੱਤਰ, ਅਧਿਆਪਕ ਨੇ ਆਪਣੀ ਪਤਨੀ ਦੀ ਬਦਲੀ ਤਰੱਕੀ ਹੋਣ ਸਮੇਂ ਸ਼ਹਿਰੀ ਸਟੇਸ਼ਨ ਤੇ ਕਰਾਉਣੀ ਸੀ। ਉਸ ਨੇ ਸਿਆਸੀ ਤੌਰ ਤੇ ਕਾਫੀ ਨੱਠ-ਭੱਜ ਕਰ ਲਈ ਸੀ ਪਰ ਉਸ ਦਾ ਪੈਰ-ਪੰਬੂ ਕਿਤੇ ਨਹੀਂ ਸੀ ਲੱਗ ਰਿਹਾ। ਇੱਕ ਦਿਨ ਉਹਨੇ ਆਪਣੀ ਸਮੱਸਿਆ ਮੇਰੇ ਨਾਲ ਸਾਂਝੀ ਕੀਤੀ। ਮੈਂ ਵਿਤ ਮੁਤਾਬਕ ਡੀ ਪੀ ਆਈ ਦਫਤਰ ਦੇ ਸੁਪਰਡੈਂਟ ਰਾਹੀ ਬਦਲੀ ਕਰਾਉਣ ਦਾ ਤਾਣਾ ਬੁਣਿਆ। ਉਹਨੇ ਅਗਾਂਹ ਸਾਨੂੰ ਸਿੱਖਿਆ ਮੰਤਰੀ ਦੇ ਪੀ ਏ ਕੋਲ ਇਹ ਕਹਿ ਕੇ ਭੇਜ ਦਿੱਤਾ ਕਿ ਉਸ ਕੋਲ ਮੇਰਾ ਨਾਂ ਲੈ ਦਿਉ। ਸਿੱਖਿਆ ਮੰਤਰੀ ਦੇ ਪੀ ਏ ਨਾਲ ਮੁਲਾਕਾਤ ਤਾਂ ਕੀ ਹੋਣੀ ਸੀ, ਸਾਡੇ ਕੋਲੋਂ ਸਕੱਤਰੇਤ ਦੇ ਅੰਦਰ ਜਾਣ ਦਾ ਪਾਸ ਤੱਕ ਨਾ ਬਣਿਆ। ਪਾਸ ਬਣਾਉਣ ਵਾਲਿਆਂ ਦੀ ਬਹੁਤ ਭੀੜ ਸੀ।

ਅਚਾਨਕ ਪੁਲਸ ਦੇ ਦੋ ਜਵਾਨ ਆਣ ਕੇ ਨੇੜੇ ਖੜ੍ਹੇ ਹੋ ਗਏ। ਉਨ੍ਹਾਂ ਵਿੱਚੋਂ ਇੱਕ ਮੈਨੂੰ ਸੰਬੋਧਨ ਹੋਇਆ, "ਸਰ, ਤੁਸੀਂ ਪਛਾਣਿਆ ਮੈਨੂੰ?" ਮੈ ਦਿਮਾਗ ਉੱਤੇ ਜ਼ੋਰ ਪਾਇਆ, ਪਰ ਚੇਤੇ ਵਿੱਚ ਕੋਈ ਨਕਸ਼ ਅਤੇ ਨਾਂ ਉਭਰ ਨਾ ਸਕਿਆ, "ਕਾਕਾ ਤੂੰ ਮੇਰੇ ਕੋਲ ਪੜ੍ਹਿਆ ਹੋਵੇਂਗਾ?" ਉਹ ਬੋਲਿਆ, "ਸਰ, ਮੈਂ ਹੁਸ਼ਿਆਰ ਸਿੰਘ ਹਾਂ।" ਉਹ ਸਾਨੂੰ ਬਿਨ੍ਹਾਂ ਪਾਸ ਤੋਂ ਪੀ ਏ ਦੇ ਕਮਰੇ ਵਿੱਚ ਲੈ ਗਿਆ। ਉਹ ਸਿੱਖਿਆ ਮੰਤਰੀ ਦੀ ਸਕਿਉਰਿਟੀ ਵਿੱਚ ਤਾਇਨਾਤ ਸੀ। ਫਿਰ ਉਹ ਸਾਨੂੰ ਸਿੱਧਾ ਮੰਤਰੀ ਕੋਲ ਲਿਜਾ ਕੇ ਕਹਿੰਦਾ, "ਸਰ, ਇਨ੍ਹਾਂ ਦੀ ਬਦੌਲਤ ਕਮਾਉਣ-ਖਾਣ ਜੋਗਾ ਹੋਇਆ ਹਾਂ। ਇਨ੍ਹਾਂ ਦਾ ਕੰਮ ਹੋ ਜਾਏ, ਵੱਡੀ ਕਿਰਪਾ ਹੋਵੇਗੀ।" ਮੰਤਰੀ ਨੇ ਸਾਡੀ ਫਾਈਲ ਸਰਸਰੀ ਜਿਹੀ ਨਿਗ੍ਹਾ ਮਾਰ ਕੇ ਰੱਖ ਲਈ। ਹਫਤੇ ਬਾਅਦ ਉਹ ਮੁੰਡਾ ਬਦਲੀ ਦੇ ਆਰਡਰ ਲੈ ਕੇ ਸਾਡੇ ਕੋਲ ਪਹੁੰਚ ਗਿਆ ਸੀ।

ਕਾਮਿਆਂ ਦੀ ਲੋੜ
ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060
ਬਲਬੀਰ: 289-541-5384
ਵੈਨ ਡਰਾਈਵਰ ਦੀ ਲੋੜ ਹੈ। ਤੁਸੀ ਆਪਣੀ ਕਾਰ ਲੈ ਕੇ ਵੀ ਬਰਲਿੰਗਟਨ, ਓਕਵਿੱਲ ਅਤੇ ਮੀਲਟਨ ਜਾ ਸਕਦੇ।

ਕਾਮਿਆਂ ਦੀ ਲੋੜ
ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

ਹੈਲਪਰ ਦੀ ਲੋੜ ਹੈ
Construction Company
FULL TIME WORK
416-618-3358 | 905-789-7783



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8





A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਮੁਫਤ ਪਿਕਅਪ ਅਤੇ ਡਰਾਪ ਆਫ਼
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ





Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648



PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਇੱਕ ਵਿਚਾਰ ਇਹ ਵੀ

# ਭਾਰਤ ਛੱਡੋ ਅੰਦੋਲਨ ਦੀ ਦਰਕਾਰ...

ਗੋਪਾਲ ਕ੍ਰਿਸ਼ਨ ਗਾਂਧੀ (*ਲੇਖਕ ਮਹਾਤਮਾ ਗਾਂਧੀ ਦਾ ਪੜਪੋਤਾ ਹੈ)

ਕਦੋਂ ਤੇ ਕਿਵੇਂ ਅਸੀਂ ਕੋਰੋਨਾ ਮਹਾਮਾਰੀ ਦੀ ਖਤਰਨਾਕ ਲਪੇਟ 'ਚੋਂ ਬਾਹਰ ਨਿਕਲਾਂਗੇ, ਕੋਈ ਨਹੀਂ ਕਹਿ ਸਕਦਾ। ਪੂਰੇ ਯਕੀਨ ਨਾਲ ਤਾਂ ਬਿਲਕੁਲ ਨਹੀਂ। ਨਾ ਵਿਗਿਆਨੀ, ਨਾ ਸਿਹਤ ਮਾਹਰ, ਨਾ ਸਮਾਜ ਸ਼ਾਸਤਰੀ ਤੇ ਨਾ ਹੀ ਤਜਰਬੇਕਾਰ ਬਜ਼ੁਰਗ। ਕੀ ਕਰੀਏ? ਇਹ ਚੁਣੌਤੀ ਅਜਨਬੀ ਹੈ, ਬਿਲਕੁਲ ਅਣਜਾਣੀ, ਪਹਿਲਾਂ ਨਾ ਕਦੇ ਦੇਖੀ, ਨਾ ਸੁਣੀ ਤੇ ਨਾ ਸੋਚੀ। ਵੈਸੇ ਸਾਨੂੰ ਵਿਗਿਆਨੀਆਂ ਤੇ ਮਾਹਰਾਂ ਤੋਂ ਇਸ ਦੇ ਪਹਿਲਾਂ ਸੰਕੇਤ ਮਿਲੇ ਸਨ। ਇਹ ਦੱਸ ਕੇ ਉਨ੍ਹਾਂ ਦੀਆਂ ਚਿਤਾਵਨੀਆਂ ਆ ਚੁੱਕੀਆਂ ਸਨ ਕਿ ਜਿਵੇਂ ਵਿਕਸਤ ਤੇ ਪ੍ਰਭਾਵਸ਼ਾਲੀ ਮਨੁੱਖ ਆਪਣੇ ਖਾਣ-ਪੀਣ ਜਾਂ ਇੰਝ ਕਹੀਏ ਕਿ ਆਪਣੇ ਅਨੰਤ ਭੋਗ ਲਈ ਪਾਣੀ ਦੇ ਭੰਡਾਰ ਤੇ ਪਸ਼ੂਆਂ ਆਦਿ ਦਾ ਸ਼ੋਸ਼ਣ ਕਰ ਰਿਹਾ ਹੈ, ਉਹ ਖਤਰੇ ਵਾਲਾ ਹੈ, ਪਰ ਇਸ ਚਿਤਾਵਨੀ ਨੂੰ ਕਿੰਨਿਆਂ ਨੇ ਸੁਣਿਆ? ਉਨ੍ਹਾਂ ਕਿਹਾ ਕਿ ਇੱਕ ਖਤਰਾ ਵਾਤਾਵਰਣ ਤੇ ਮੌਸਮ 'ਤੇ ਹੈ। ਭੂਮੀ ਨੂੰ ਬੁਖਾਰ ਚੜ੍ਹਿਆ ਹੈ। ਉਹ ਤਪ ਗਈ ਹੈ ਤੇ ਜੇ ਅਸੀਂ ਇਸ ਨੂੰ ਤਪਸ਼ ਤੋਂ ਰਾਹਤ ਨਹੀਂ ਦੇਵਾਂਗੇ ਤਾਂ ਤਪਸ਼ ਸਾਨੂੰ ਸਾੜ ਕੇ ਰਾਖ ਕਰ ਛੱਡੇਗੀ। ਮਾਹਰਾਂ ਨੇ ਕਿਹਾ ਕਿ ਦੂਜਾ ਭਿਆਨਕ ਖਤਰਾ ਜੂਨੋਟਿਕ ਪੈਂਡੇਮਿਕਸ ਯਾਨੀ ਜਾਨਵਰ-ਲੋਕ ਤੋਂ ਹੈ। ਉਨ੍ਹਾਂ ਕਿਹਾ ਕਿ ਅਸੁਰੱਖਿਅਤ ਅਤੇ ਗੈਰ-ਸਵੱਛ ਮਾਸ ਅਸੀਂ ਖਾਂਦੇ ਜਾਵਾਂਗੇ ਤਾਂ ਉਹੋ ਮਾਸ ਸਾਨੂੰ ਖਾ ਜਾਵੇਗਾ। ਸਵਾਈਨ ਫਲੂ, ਏਵੀਅਨ ਫਲੂ, ਸਾਰਸ, ਮਾਰਸ, ਇਬੋਲਾ, ਨਿਪਾਹ, ਇਹ ਸਭ ਸਾਡੇ ਮੁਨਾਫੇ ਭੋਗਣ ਦੇ ਲਾਲਚ ਦੇ ਨਾਲ ਕੁਦਰਤ ਦੇ ਨਿਯਮਾਂ ਦੀ ਬੇਪਰਵਾਹੀ ਨਾਲ ਉਲੰਘਣਾ ਕਾਰਨ ਪੈਦਾ ਹੋਏ। ਵਿਕਸਤ ਦੇਸ਼ਾਂ 'ਚ ਬੀਫ ਫਾਰਮ ਨਾਂਅ ਦੇ ਖੇਤ ਹਨ, ਜਿਨ੍ਹਾਂ ਵਿੱਚ ਮੈਡ ਕਾਊ ਡਿਸੀਜ਼ ਸ਼ੁਰੂ ਹੋਈ ਤੇ ਇਸ ਨੂੰ ਰੋਕਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਪਸ਼ੂਆਂ ਨੂੰ ਮਾਰਿਆ ਅਤੇ ਦਫਨਾਇਆ ਗਿਆ ਸੀ। ਜਿਹੜੇ ਮੁਲਕ ਵਿਕਸਤ ਬਣਨਾ ਚਾਹੁੰਦੇ ਹਨ ਅਤੇ ਅੱਜ ਵਿਕਾਸਸ਼ੀਲ ਕਹੇ ਜਾਂਦੇ ਹਨ, ਉਨ੍ਹਾਂ ਵਿੱਚ ਵੀ ਜਿਉਂ ਜਿਉਂ ਲੋਕਾਂ ਦੀ ਆਮਦਨ ਵਧਦੀ ਤੇ ਖਰਚ ਕਰਨ ਦੀ ਤਾਕਤ ਵਧਦੀ ਹੈ, ਤਿਉਂ ਤਿਉਂ ਉਨ੍ਹਾਂ ਸਾਹਮਣੇ ਖਾਣ-ਪੀਣ ਦਾ ਬਾਜ਼ਾਰ ਉਹ ਸਾਰੇ ਪਦਾਰਥ ਉਸੇ ਤਰ੍ਹਾਂ ਪੇਸ਼ ਕਰਦਾ ਹੈ, ਜਿਸ ਨਾਲ ਉਨ੍ਹਾਂ ਦੀ ਨਵੀਂ ਭੁੱਖ ਹੋਰ ਵਧੇ ਅਤੇ ਫਿਰ ਉਸ ਦੀ ਪੂਰਤੀ ਹੋਵੇ, ਗੈਰ-ਸੰਜਮੀ, ਬੇਕਾਬੂ ਤੇ ਜੂਨੋਟਿਕ ਖਤਰੇ ਨਾਲ ਭਰਪੂਰ।



ਕੋਵਿਡ-19 ਦੀ ਸ਼ੁਰੂਆਤ ਵੁਹਾਨ ਦੇ ਮੀਟ ਬਾਜ਼ਾਰ ਤੋਂ ਹੋਈ ਮੰਨੀ ਜਾਂਦੀ ਹੈ। ਇਹ ਸੱਚ ਹੀ ਹੋਵੇਗਾ, ਪਰ ਇਸ ਸੋਚ ਦੇ ਪਿੱਛੇ ਇਹ ਵੀ ਜਾਣ ਲਓ ਕਿ ਖਾਣ-ਪੀਣ ਦੇ ਹਰ ਬਾਜ਼ਾਰ ਵਿੱਚ ਅੱਜ ਵੁਹਾਨ ਸ਼ਾਮਲ ਹੈ, ਯਾਨੀ ਲਾਪਰਵਾਹੀ, ਗੰਦਗੀ ਤੇ ਗਿਲਾਨੀ। ਛੋਟੇ ਬਾਜ਼ਾਰਾਂ ਵਿੱਚ ਇਹ ਦਿੱਸ ਜਾਂਦੀ ਹੈ ਤੇ ਵੱਡਿਆਂ ਵਿੱਚ ਲੁਕੀ ਰਹਿੰਦੀ ਹੈ। ਢਾਬਿਆਂ 'ਚ ਦਿੱਸ ਜਾਂਦੀ ਹੈ ਤੇ ਵੱਡੇ ਹੋਟਲਾਂ ਵਿੱਚ ਲੁਕੀ ਰਹਿੰਦੀ ਹੈ। ਜਿੱਥੇ ਗੰਦੇ ਟਾਇਲੇਟ ਹਨ, ਬਸ ਅੱਡਿਆਂ ਵਿੱਚ ਰੇਲਵੇ, ਸਟੇਸ਼ਨਾਂ 'ਚ, ਸੜਕਾਂ ਉੱਤੇ, ਉਥੇ ਇਹੋ ਖਤਰਾ ਹੈ, ਅਦਿੱਖ ਅਤੇ ਬੇਰਹਿਮ। ਅਸੀਂ ਇਸ ਸਥਿਤੀ ਨੂੰ ਬਦਲਣ ਲਈ ਕੁਝ ਨਹੀਂ ਕਰ ਰਹੇ ਤੇ ਮਾਰਕੀਟ ਦੇ ਗੁਲਾਮ ਬਣੇ ਹੋਏ ਹਾਂ। ਸਾਡੇ ਸਭਨਾਂ ਵਿੱਚ ਵੁਹਾਨ ਲੁਕਿਆ ਹੈ। ਅਸੀਂ ਕੋਵਿਡ-19 ਦੇ ਸ਼ਿਕਾਰ ਹੋਈਏ ਜਾਂ ਨਾ, ਅਸੀਂ ਜੇ ਆਪਣੇ ਅੰਦਰ ਲੁਕੇ ਵੁਹਾਨ ਦੀ ਅਣਦੇਖੀ ਕਰ ਰਹੇ ਹਾਂ ਤਾਂ ਅਸੀਂ ਕੋਰੋਨਾ ਵਾਇਰਸ ਦੇ ਸਹਿਯੋਗੀ ਹਾਂ। ਸਵੱਛ ਭਾਰਤ ਅਭਿਆਨ ਨੂੰ ਇਸ ਅੱਖ ਨਾਲ ਦੇਖੀਏ ਤਾਂ ਅਦਭੁੱਤ ਅਤੇ ਦੂਰ ਦੀ ਸੋਚ ਵਾਲਾ ਉਦਮ ਹੈ, ਪਰ ਕੀ ਅਸੀਂ ਇਸ ਪ੍ਰੋਗਰਾਮ ਨੂੰ ਆਪਣੇ ਦਿਲਾਂ ਵਿੱਚ ਅਪਣਾਇਆ? ਕੀ ਅਸੀਂ ਖੁਦ ਦੇ ਤਰੀਕਿਆਂ ਨੂੰ ਸਵੱਛ ਕੀਤਾ ਹੈ? ਥੁੱਕਣਾ ਸਾਡੇ ਭਾਰਤੀ ਲੋਕ, ਖਾਸ ਕਰ ਕੇ ਪੁਰਸ਼ ਆਪਣਾ ਜਨਮ ਸਿੱਧ ਅਧਿਕਾਰ ਮੰਨਦੇ ਹਨ ਤੇ ਪਿਸ਼ਾਬ...। ਮੈਂ ਵਾਕ ਪੂਰਾ ਨਹੀਂ ਕਰਾਂਗਾ। ਅਸੀਂ ਅੱਜ ਘਰਾਂ ਵਿੱਚ ਸਿਮਟੇ ਹੋਏ ਹਾਂ। ਇਹ ਜ਼ਰੂਰੀ ਹੈ, ਪਰ ਜਦੋਂ ਸਾਨੂੰ ਬਾਹਰ ਨਿਕਲਣ ਦੀ ਛੋਟ ਮਿਲੇਗੀ, ਜਦੋਂ ਅਸੀਂ ਬਾਹਰ ਨਿਕਲਾਂਗੇ ਤਾਂ ਕੀ ਅਸੀਂ ਉਹੋ ਜਿਹੇ ਹੀ ਨਿਕਲਾਂਗੇ, ਜਿਵੇਂ ਅੱਜ ਘਰਾਂ ਦੇ ਅੰਦਰ ਹਾਂ। ਜੇ ਹਾਂ ਤਾਂ ਸਮਝੋ ਕਿ ਅਗਲੀ ਵਾਰ...। ਮੈਂ ਇਹ ਵਾਕ ਵੀ ਪੂਰਾ ਨਹੀਂ ਕਰਾਂਗਾ। ਪਾਠਕ ਸੂਝਵਾਨ ਹਨ।

ਕੋਵਿਡ-19 ਦੀ ਵੈਕਸੀਨ ਦੀ ਉਡੀਕ ਹੈ। ਇਸ ਦੀ ਤਿਆਰੀ 'ਚ ਲੱਗੇ ਲੋਕਾਂ ਦੀ ਸਫਲਤਾ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ, ਪਰ ਮਹਾਮਾਰੀ ਨਾਲ ਨਜਿੱਠਣ ਦਾ ਜ਼ਿੰਮਾ ਸਾਨੂੰ ਸਿਰਫ ਵੈਕਸੀਨ 'ਤੇ ਨਹੀਂ ਛੱਡਣਾ ਚਾਹੀਦਾ। ਸਾਨੂੰ ਇਸ ਵੈਕਸੀਨ ਪਿੱਛੇ ਖੁਦ ਨੂੰ ਵੀ ਵੈਕਸੀਨ ਬਣਾਉਣਾ ਹੋਵੇਗਾ, ਠੀਕ ਓਦਾਂ ਹੀ, ਜਿਵੇਂ ਫੌਜ ਦੇ ਜਵਾਨਾਂ ਨੂੰ ਰਾਸ਼ਟਰ ਬਲ ਤਾਕਤਵਰ ਤੇ ਨਿਡਰ ਬਣਾਉਂਦਾ ਹੈ। ਇਹ ਕਿਵੇਂ ਕਰਨਾ ਹੈ? ਆਪਣੇ ਤਰੀਕਿਆਂ ਤੇ ਰਵੱਈਏ ਨੂੰ ਬਦਲ ਕੇ। ਲੇਖਕਾ ਮਹਾਦੇਵੀ ਕਹਿ ਗਏ ਹਨ ਕਿ ਪ੍ਰਮਾਤਮਾ ਨੇ ਸਭ ਨੂੰ ਸਵਾਰਥੀ ਬਣਾਇਆ ਹੈ। ਸਾਡੇ ਸਮਾਜ ਦੀ ਨਵ ਉਦਾਰਵਾਦੀ ਆਜ਼ਾਦ ਮਾਰਕੀਟ ਦਾ ਵਜੂਦ ਸਵਾਰਥੀ ਹੈ। ਉਹੋ ਸਵਾਰਥ ਸਾਨੂੰ ਘੁੱਟ ਰਿਹਾ ਹੈ। ਅਸੀਂ ਸੋਚ ਰਹੇ ਹਾਂ ਕਿ ਅਸੀਂ ਬਾਜ਼ਾਰ ਤੋਂ ਪ੍ਰਾਪਤ ਵਸਤੂਆਂ ਨੂੰ ਭੋਗ ਰਹੇ ਹਾਂ, ਪਰ ਗੱਲ ਬਿਲਕੁਲ ਉਲਟ ਹੈ। ਨਾਮੀ ਚਿੰਤਕ ਤੇ ਲੇਖਕ ਕਵੀ ਰਾਜ ਕੁਮਾਰ ਕ੍ਰਿਸ਼ਕ ਨੇ ਪਿੱਛੇ ਜਿਹੇ ਮੈਨੂੰ ਇਹ ਹਕੀਕਤ ਫੋਨ 'ਤੇ ਸੁਣਾਈ ਕਿ ਅਸੀਂ ਬਾਜ਼ਾਰ ਨੂੰ ਨਹੀਂ, ਬਾਜ਼ਾਰ ਸਾਨੂੰ ਖਾ ਰਿਹਾ ਹੈ। ਇਸ ਤੋਂ ਹੋਰ ਸੱਚੀ ਗੱਲ ਅੱਜ ਨਹੀਂ ਕਹੀ ਜਾ ਸਕਦੀ। ਨਫਾ ਨਸ਼ਾ ਹੈ। ਨਫਾ ਬਾਜ਼ਾਰ 'ਚ ਉਹੋ ਕਰਦਾ ਹੈ, ਜੋ ਨਸ਼ਾ ਇਨਸਾਨ 'ਚ ਕਰਦਾ ਹੈ। ਉਸ ਨੂੰ ਪਾਗਲ ਬਣਾ ਦਿੰਦਾ ਹੈ। ਅਸੀਂ ਨਫੇ ਦੇ ਪਾਗਲਪਣ ਤੋਂ ਬਚੀਏ। ਬਾਜ਼ਾਰ ਦੇ ਗੁਲਾਮ ਨਾ ਬਣੀਏ ਯਾਨੀ ਆਪਣੀ ਖਪਤਕਾਰ ਦੀ ਭੂਮਿਕਾ 'ਤੇ ਕੁਝ ਸੰਜਮ ਲਿਆਈਏ।

ਸਾਦਗੀ ਦੀ ਕੋਈ ਪਰਿਭਾਸ਼ਾ ਨਹੀਂ, ਪਰ ਲਾਕਡਾਊਨ ਦੇ ਦਿਨਾਂ ਨੇ ਸਾਨੂੰ ਦਿਖਾਇਆ ਹੈ ਕਿ ਅਸੀਂ ਘਰੀਂ ਰਹਿਣ ਵਾਲੇ ਭਾਗਸ਼ਾਲੀ ਕਿੰਨੀਆਂ ਚੀਜ਼ਾਂ, ਸਮੱਗਰੀਆਂ ਤੇ ਸਹੂਲਤਾਂ ਤੋਂ ਬਿਨਾਂ ਆਰਾਮ ਨਾਲ ਰਹਿ ਸਕਦੇ ਹਾਂ। ਅਸੀਂ ਦੇਖਿਆ ਕਿ ਲੋੜਵੰਦ ਲੋਕਾਂ ਦੀ ਮਦਦ ਕਿੰਨੀ ਵੱਡੀ ਗਿਣਤੀ ਵਿੱਚ ਸਾਡੇ ਜਿਹੇ ਸਾਧਾਰਨ ਲੋਕਾਂ ਨੇ ਕੀਤੀ ਹੈ। ਪਰਵਾਸੀ ਮਜ਼ਦੂਰ, ਬੇਸਹਾਰਾ ਤੇ ਰੁਜ਼ਗਾਰ ਦੇ ਪੱਛੜੇ ਲੋਕਾਂ ਨੂੰ ਸਮਾਜ ਨੇ ਸਹਾਇਤਾ ਦੋਵੇਂ ਹੱਥਾਂ ਨਾਲ ਦਿੱਤੀ ਹੈ। ਇਸ 'ਚ ਅਸੀਂ ਬਾਜ਼ਾਰ ਤੋਂ ਖੁਦ ਨੂੰ ਮੁਕਤ ਕਰ ਦਿਖਾਇਆ ਹੈ। ਅਜੋਕੇ ਮਾਹੌਲ ਨੇ ਇਨਸਾਨ ਨੂੰ ਇਹ ਸੋਚਣ 'ਤੇ ਮਜਬੂਰ ਕਰ ਦਿੱਤਾ ਹੈ ਕਿ ਉਹ ਸਾਦਗੀ ਪਸੰਦ ਜ਼ਿੰਦਗੀ ਜਿਊਣ ਨੂੰ ਪਹਿਲ ਦੇਵੇਗਾ।

ਮਾਸਾਹਾਰੀ ਭੋਜਨ ਕਦੇ ਵੀ ਭਾਰਤੀ ਸਭਿਆਚਾਰ ਦਾ ਹਿੱਸਾ ਨਹੀਂ ਰਿਹਾ। ਭਾਰਤੀ ਸਰਜਮੀਨ ਉੱਤੇ ਹਰ ਧਰਮ ਦੇ ਮਹਾਂਪੁਰਸ਼ਾਂ ਨੇ ਇਨਸਾਨ ਨੂੰ ਹਮੇਸ਼ਾ ਸ਼ਾਕਾਹਾਰੀ ਭੋਜਨ ਖਾਣ ਦੀ ਤਾਕੀਦ ਕੀਤੀ ਹੈ। ਅੱਜ ਜੇ ਸਾਡਾ ਸਰੀਰ ਬਿਮਾਰੀਆਂ ਦਾ ਘਰ ਬਣ ਰਿਹਾ ਹੈ ਤਾਂ ਇਸ ਦਾ ਵੱਡਾ ਕਾਰਨ ਮਾਸਾਹਾਰੀ ਭੋਜਨ ਸਾਡੀ ਖੁਰਾਕ ਦਾ ਹਿੱਸਾ ਬਣਨਾ ਵੀ ਹੈ। ਪੱਛਮੀ ਸਭਿਅਤਾ ਦੇ ਮੁਕਾਬਲੇ ਭਾਰਤੀ ਸਭਿਅਤਾ ਮਹਾਨ ਹੈ। ਭਾਰਤੀ ਸੱਭਿਅਤਾ ਕਦੇ ਵੀ ਜੀਵ ਹੱਤਿਆ ਦੇ ਹੱਕ ਵਿੱਚ ਨਹੀਂ ਸੀ। ਕਿਸੇ ਜੀਵ ਦੀ ਜਾਨ ਲੈ ਕੇ ਆਪਣੀ ਜੀਭ ਦਾ ਸਵਾਦ ਪੂਰਾ ਕਰਨਾ ਕੁਦਰਤ ਦੇ ਅਸੂਲਾਂ ਨਾਲ ਖਿਲਵਾੜ ਨਹੀਂ ਤਾਂ ਕੀ ਹੈ? ਮਾਸਾਹਾਰੀ ਭੋਜਨ ਛੱਡ ਕੇ ਹਮੇਸ਼ਾ ਸ਼ਾਕਾਹਾਰੀ ਭੋਜਨ ਖਾਣਾ ਸਾਡੀ ਜੀਵਨ ਸ਼ੈਲੀ ਦਾ ਹਿੱਸਾ ਹੋਣਾ ਚਾਹੀਦਾ ਹੈ।

1942 ਵਿੱਚ ਭਾਰਤ ਛੱਡੋ ਅੰਦੋਲਨ ਨੇ ਅੰਗਰੇਜ਼ੀ ਸਾਮਰਾਜ ਹਿਲਾ ਦਿੱਤਾ ਸੀ। 2020 ਵਿੱਚ ਅਸੀਂ ਸਵਾਰਥ ਨੂੰ, ਮਾਰਕੀਟ ਦੀ ਗੁਲਾਮੀ ਨੂੰ ਭਾਰਤ ਛੱਡੋ ਕਹਿਣਾ ਹੈ। ਮਹਾਮਾਰੀ ਅਤੇ ਲਾਕਡਾਊਨ ਤੋਂ ਬਾਅਦ ਜੇ ਅਸੀਂ ਇਹ ਅਕਲਮੰਦੀ ਦਿਖਾਵਾਂਗੇ ਤਾਂ ਧੰਨ ਹੋਵਾਂਗੇ ਤੇ ਇੱਕ ਨਵੇਂ ਭਾਰਤ ਦਾ ਨਿਰਮਾਣ ਕਰਾਂਗੇ। ਇੱਕ ਅਜਿਹੇ ਭਾਰਤ ਦਾ ਨਿਰਮਾਣ, ਜਿਸ ਵਿੱਚ ਅਸੀਂ ਸਬਕ ਸਿਖਿਆ ਕੁਦਰਤ ਦੀ ਮਰਿਆਦਾ, ਇਸ ਦੀ ਪਵਿੱਤਰਤਾ ਅਤੇ ਇਸ ਦੀ ਅਖੰਡਤਾ ਨੂੰ ਬਚਾਈ ਰੱਖਣ ਦਾ। ਅਸੀਂ ਦੂਜਾ ਸਬਕ ਸਿਖਿਆ ਆਪਣੇ ਆਪ ਨੂੰ ਸਿਮਟਾ ਕੇ ਆਪਣੇ ਘਰਾਂ 'ਚ ਬੱਚਿਆਂ ਅਤੇ ਬਜ਼ੁਰਗਾਂ ਦੇ ਸਹਿਯੋਗ ਨਾਲ ਸਾਦਗੀ ਲਿਆਉਣਾ। ਅਸੀਂ ਸਰੀਰ ਦੀ ਨਾਸ਼ਵਾਨਤਾ ਦੀ ਗੰਭੀਰ ਪਛਾਣ ਕਰ ਕੇ ਸਿਖਿਆ ਹੈ ਕਿ ਹਸਪਤਾਲ, ਡਾਕਟਰ, ਨਰਸ, ਲੈਬੋਰਟਰੀ ਸਹਾਇਕ, ਸਫਾਈ ਕਾਮੇ, ਦਵਾਖਾਨੇ ਸਾਡੇ ਲਈ ਕਿੰਨੇ ਕੀਮਤੀ ਹਨ। ਇਹ ਦੇਵਤਾ ਰੂਪ ਹਨ। ਅਸੀਂ ਇਹ ਬੁਨਿਆਦੀ ਸੱਚਾਈ ਸਮਝੀ ਕਿ ਮਹਾਮਾਰੀ ਇਤਿਹਾਸ 'ਚ ਜਾਂ ਮੈਡੀਕਲ ਪੁਸਤਕਾਂ ਵਿੱਚ ਨਹੀਂ, ਸਾਡੇ ਦਰਮਿਆਨ ਰਹਿੰਦੀ ਹੈ ਤੇ ਅਮੀਰ-ਗਰੀਬ, ਹਿੰਦੂ-ਮੁਸਲਿਮ ਨੂੰ ਨਹੀਂ ਪਛਾਣਦੀ। ਅਸੀਂ ਸਮਝ ਗਏ ਕਿ ਹਰ ਦਿਨ ਅਨੋਖਾ ਹੈ, ਉਸ ਦੀ ਸਦਵਰਤੋਂ ਕਰਨੀ ਚਾਹੀਦੀ ਹੈ, ਖੁਦ ਦੀ ਤੇ ਖੁਦ ਤੋਂ ਘੱਟ ਭਾਗਸ਼ਾਲੀਆਂ ਦੀ ਸੁਰੱਖਿਆ ਤੇ ਖੁਸ਼ਹਾਲੀ ਲਈ ਤੇ ਨਾਲ ਪ੍ਰਮਾਤਮਾ ਨੂੰ ਇਹ ਕਹਿੰਦਿਆਂ ਕਿ ਸਵਾਰਥੀ ਬਣ ਗਏ ਸੀ ਜ਼ਰੂਰ, ਪਰ ਮਹਾਦੇਵੀ ਦੀ ਕਸਮ, ਅੱਗੇ ਤੋਂ ਨਹੀਂ ਹੋਵਾਂਗੇ।

# ਪਿੰਡ ਦੀ ਰੂਹ ਬਣਦੀ ਸੱਥ...

ਡਾ. ਪ੍ਰਿਤਪਾਲ ਸਿੰਘ ਮਹਿਰੋਕ 98885-10185

ਸੱਥ ਪਿੰਡ ਦੀ ਸਾਂਝੀ ਤੇ ਜਾਣੀ-ਪਛਾਣੀ ਥਾਂ ਹੁੰਦੀ ਹੈ, ਜਿੱਥੇ ਪਿੰਡ ਦੀ ਰੂਹ ਧੜਕਦੀ ਰਹਿੰਦੀ ਹੈ। ਪਿੰਡਾਂ ਵਿਚ ਅਕਸਰ ਕੋਈ ਨਾ ਕੋਈ ਸਾਂਝੀ ਥਾਂ ਹੁੰਦੀ ਹੀ ਹੈ।

ਬਹੁਤੀਆਂ ਸਥਿਤੀਆਂ ਤੇ ਆਮ ਹਾਲਤਾਂ ਵਿਚ ਇਹ ਕਿਸੇ ਵੱਡੇ ਰੁੱਖ ਹੇਠਾਂ ਉਸ ਦੇ ਮੁੱਢ ਦੇ ਆਲੇ-ਦੁਆਲੇ ਬਣੇ ਥੜ੍ਹੇ ਵਾਲੀ ਥਾਂ ਹੁੰਦੀ ਹੈ, ਜਿੱਥੇ ਲੋਕ ਆਪਣੇ ਵਿਹਲ ਦੇ ਪਲ ਲੰਘਾਉਣ ਲਈ, ਗੱਪ-ਸ਼ੱਪ ਮਾਰਨ ਲਈ, ਕੁਝ ਕਹਿਣ-ਸੁਣਨ ਲਈ ਆ ਬੈਠਦੇ ਹਨ। ਉਂਜ ਤਾਂ ਲੋਕਾਂ ਨੂੰ ਆਪਣੇ ਖੇਤਾਂ-ਬੰਨ੍ਹਿਆਂ ਦੇ, ਘਰਾਂ ਦੇ, ਮਾਲ-ਡੰਗਰ ਨੂੰ ਸਾਂਭਣ ਦੇ ਕੰਮਾਂ ਤੋਂ ਵਿਹਲ ਹੀ ਘੱਟ ਮਿਲਦੀ ਹੈ, ਪਰ ਰੋਜ਼ਾਨਾ ਜੀਵਨ ਦੇ ਅਜਿਹੇ ਕੰਮਾਂ ਤੋਂ ਵਿਹਲ ਕੱਢ ਕੇ ਲੋਕ ਪਿੰਡ ਦੀ ਸੱਥ ਵਿਚ ਆ ਕੇ ਬੈਠਣਾ ਪਸੰਦ ਕਰਦੇ ਹਨ। ਸਰਸਰੀ ਤੇ ਓਪਰੀ ਨਜ਼ਰੇ ਵੇਖਿਆਂ ਕਈ ਵਾਰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਪਿੰਡ ਦੇ ਬਜ਼ੁਰਗ, ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ ਆਏ ਲੋਕ ਤੇ ਵਿਹਲੜ ਇਸ ਥਾਂ 'ਤੇ ਆ ਕੇ ਬੈਠਦੇ ਹਨ ਤੇ ਆਪਣੇ ਵਿਹਲ ਦੇ ਪਲਾਂ ਨੂੰ ਦਿਲਚਸਪ ਤੇ ਮਨੋਰੰਜਕ ਬਣਾ ਕੇ ਗੁਜ਼ਾਰਦੇ ਹਨ। ਵੱਡੇḲਬੁੱਢੇ ਬੋਹੜ ਹੇਠਾਂ ਜੁੜ ਬੈਠੇ, ਗੱਲਾਂ-ਬਾਤਾਂ ਕਰਦੇ, ਹਾਸਾ ਮਜ਼ਾਕ ਕਰਦੇ, ਆਪਣੇ ਤਜਰਬੇ ਸਾਂਝੇ ਕਰਦੇ ਲੋਕ ਖੇਤਾਂ, ਫ਼ਸਲਾਂ, ਪਸ਼ੂਆਂ, ਖੇਤੀ ਸੰਦਾਂ, ਮੰਡੀਆਂ, ਆੜ੍ਹਤੀਆਂ, ਜਿਣਸਾਂ ਦੇ ਭਾਅ, ਨਫ਼ੇ-ਨੁਕਸਾਨ, ਪਿੰਡ ਦੇ ਲੜਾਈ-ਝਗੜਿਆਂ, ਪੰਚਾਇਤਾਂ ਆਦਿ ਦੀਆਂ ਗੱਲਾਂ ਕਰਨ ਵਿਚ ਮਸਤ ਰਹਿੰਦੇ ਹਨ। ਅਖ਼ਬਾਰਾਂ ਦੀਆਂ ਖ਼ਬਰਾਂ, ਚਲੰਤ ਮਾਮਲਿਆਂ ਦੇਸ਼Ḳਪ੍ਰਾਂਤ ਦੀਆਂ ਸਰਕਾਰਾਂ, ਰਾਜਨੀਤੀ, ਕਿਸੇ ਦੀ ਬਹਾਦਰੀ, ਕਿਸੇ ਖੇਤਰ ਵਿਚ ਪਿੰਡ ਦਾ ਨਾਂ ਰੌਸ਼ਨ ਕਰਨ ਵਾਲੇ ਲੋਕਾਂ ਦੀਆਂ ਗੱਲਾਂ ਆਦਿ ਅਕਸਰ ਸੱਥ ਵਿਚ ਚਰਚਾ ਦੇ ਵਿਸ਼ੇ ਬਣਦੀਆਂ ਹਨ।

ਸੱਥ ਵਿਚ ਬੈਠ ਕੇ ਲੋਕ ਇਕ ਦੂਜੇ ਨਾਲ ਦੁਖ-ਸੁਖ ਸਾਂਝੇ ਕਰਦੇ ਹਨ। ਮਨ ਦੇ ਬੋਝ ਨੂੰ ਹਲਕਾ ਕਰਦੇ ਹਨ ਤੇ ਜੀਵਨ ਵਿਚ ਰੰਗ ਭਰਨ ਦੇ ਆਹਰ ਵਿਚ ਜੁਟੇ ਰਹਿੰਦੇ ਹਨ। ਪੰਜਾਬੀ ਸੱਭਿਆਚਾਰ ਵਿਚ ਇਹ ਥਾਂ ਰਮਣੀਕ ਥਾਂ ਬਣਨ ਦਾ ਰੁਤਬਾ ਰੱਖਦੀ ਹੈ,



ਇਹ ਸੱਥ ਵਿਚ ਬੈਠਦੇ ਲੋਕ ਬਿਹਤਰ ਜਾਣਦੇ ਹਨ।

ਗਪੌੜੀ, ਅਮਲੀ, ਚੁਟਕਲੇ ਸੁਣਾਉਣ ਵਾਲੇ ਅਤੇ ਗੱਲਾਂ ਨੂੰ ਰੌਚਕ ਬਿਰਤਾਂਤ ਬਣਾ ਕੇ ਪੇਸ਼ ਕਰਨ ਵਾਲੇ ਲੋਕ ਸੱਥ ਵਿਚ ਮਾਣ-ਸਨਮਾਨ ਹਾਸਲ ਕਰਦੇ ਹਨ। ਜ਼ਿੰਦਗੀ ਦੇ ਕਿੱਸਿਆਂ ਨੂੰ ਉਤਸੁਕਤਾ ਭਰਪੂਰ ਰਸ ਰੰਗ ਨਾਲ ਸ਼ਿੰਗਾਰ ਕੇ ਬਿਆਨ ਕਰਨ ਦੀ ਕਲਾ ਵਿਚ ਮਾਹਿਰ ਲੋਕ ਸੱਥ ਵਿਚ ਆਪਣੀ ਵਿਸ਼ੇਸ਼ ਪਛਾਣ ਬਣਾ ਲੈਂਦੇ ਹਨ। ਸੱਥ ਵਿਚ ਮਹਿਫ਼ਲ ਸੱਜਦੀ ਹੈ। ਬਿਨਾਂ ਕਿਸੇ ਸੰਗ-ਸੰਕੋਚ ਤੋਂ ਲੋਕ ਆਪਣੀ ਗੱਲ ਕਹਿ ਸੁਣਾਉਂਦੇ ਹਨ। ਉੱਥੇ ਬਾਤ ਦਾ ਬਤੰਗੜ ਬਣਦਾ ਹੈ, ਰਾਈ ਦਾ ਪਹਾੜ ਬਣਾ ਕੇ ਤੇ ਰੱਸੀਆਂ ਦੇ ਸੱਪ ਬਣਾ ਕੇ ਪੇਸ਼ ਕੀਤੇ ਜਾ ਸਕਦੇ ਹਨ। ਬੂੰਦ ਦਾ ਸਮੁੰਦਰ ਬਣਾਇਆ ਜਾ ਸਕਦਾ ਹੈ, ਸਮੁੰਦਰ ਨੂੰ ਕੁੱਜੇ ਵਿਚ ਬੰਦ ਕੀਤਾ ਜਾ ਸਕਦਾ ਹੈ। ਸੌ ਹੱਥ ਰੱਸਾ ਸਿਰੇ 'ਤੇ ਗੰਢ ਕਹਿ ਕੇ ਕਿਸੇ ਗੱਲḲਬਹਿਸ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ। ਸੱਥਾਂ ਵਿਚ ਗੱਲਾਂ ਕਰਦੇ ਗਾਲੜੀ ਪਿੰਡ ਦੀਆਂ ਛੋਟੀਆਂ-ਵੱਡੀਆਂ ਖ਼ਬਰਾਂḲਸੂਚਨਾਵਾਂ ਨੂੰ ਮਿਰਚ ਮਸਾਲੇ ਲਗਾ ਕੇ ਸਾਂਝਾ ਕਰਦੇ ਹਨ। ਉਹ ਗੱਲਾਂ ਦੀ ਲੜੀ ਟੁੱਟਣ ਨਹੀਂ ਦਿੰਦੇ। ਸੱਥ ਵਿਚ ਦੇਸ਼ ਦੇ, ਰਾਜ ਦੇ, ਇਲਾਕੇ ਦੇ, ਲੋਕਾਂ ਦੇ ਸਾਂਝੇ ਮਸਲਿਆਂ ਉੱਪਰ ਖੁੰਢ ਚਰਚਾ ਛਿੜਦੀ ਹੈ। ਕਈ ਵਾਰ ਗੰਭੀਰ ਮਸਲੇ ਵੀ ਵਿਚਾਰ ਅਧੀਨ ਲਿਆਂਦੇ ਜਾਂਦੇ ਹਨ। ਪਿੰਡ ਦੇ ਕੇਂਦਰੀ ਸਥਾਨ ਸੱਥ ਵਿਚ ਪਿੰਡ ਦਾ ਦਿਲ ਧੜਕਦਾ ਹੈ। ਲੋਕ ਮਨ ਬੋਲਦਾ ਹੈ। ਸੱਥ ਵਿਚੋਂ ਪਿੰਡ ਦੀ ਆਵਾਜ਼ ਸੁਣੀ ਜਾ ਸਕਦੀ ਹੈ। ਪਿੰਡ ਦੀ ਨਬਜ਼ ਟਟੋਲੀ ਜਾ ਸਕਦੀ ਹੈ। ਪਿੰਡ ਦੇ ਗਲੀ-ਮੁਹੱਲੇ ਤੋਂ ਲੈ ਕੇ ਰਾਸ਼ਟਰਪਤੀ, ਅੰਤਰਾਸ਼ਟਰੀ ਸਮੱਸਿਆਵਾਂ ਦਾ ਜ਼ਿਕਰ ਛਿੜਦਾ ਹੈ। ਸੱਥ ਵਿਚੋਂ ਪਿੰਡ ਦਾ ਸੁਭਾਅ, ਸਮੁੱਚੇ ਪਿੰਡ ਦੇ ਚਰਿੱਤਰ ਦੇ ਕਈ ਪਹਿਲੂਆਂ ਨੂੰ ਸੁਣਿਆ, ਸਮਝਿਆ, ਜਾਣਿਆ ਜਾ ਸਕਦਾ ਹੈ। ਮੁੱਛ ਫੁਟ ਗੱਭਰੂ ਵੀ ਕੁਝ ਨਵਾਂ ਸੁਣਨ ਵਾਸਤੇ ਸੱਥ ਵਿਚ ਗੇੜਾ ਲਾ ਆਉਂਦੇ ਹਨ। ਕਈ ਵਾਰ ਉੱਥੋਂ ਸੁਣੀਆਂ ਗੱਲਾਂ ਉਨ੍ਹਾਂ ਦੇ ਮਾਨਸਿਕ ਤੇ ਬੌਧਿਕ ਵਿਕਾਸ ਵਿਚ ਸਹਾਈ ਹੋ ਸਕਦੀਆਂ ਹਨ। ਸੱਥ ਵਿਚੋਂ ਉਨ੍ਹਾਂ ਨੂੰ ਜੀਵਨ ਜਾਚ ਦੇ ਨੁਕਤੇ ਤੇ ਨੈਤਿਕ ਕਦਰਾਂ-ਕੀਮਤਾਂ ਵਾਲੀਆਂ ਗੱਲਾਂ ਵੀ ਸੁਣਨ ਨੂੰ ਮਿਲ ਸਕਦੀਆਂ ਹਨ। ਦੇਸ਼, ਰਾਜ ਅਤੇ ਇਲਾਕੇ ਦੇ ਨੇਤਾਵਾਂ ਦੇ ਵਿਵਹਾਰ, ਉਨ੍ਹਾਂ ਦੇ ਕੰਮਾਂ, ਉਨ੍ਹਾਂ ਦੇ ਗੁਣ-ਔਗੁਣ ਵੀ ਸੱਥ ਵਿਚ ਚਰਚਾ ਦਾ ਵਿਸ਼ਾ ਬਣਦੇ ਹਨ।

ਹੁਣ ਦੇ ਅਤੇ ਪੁਰਾਣੇ ਨੇਤਾਵਾਂ ਦੀ ਤੁਲਨਾ ਵੀ ਕੀਤੀ ਜਾਂਦੀ ਹੈ। ਕਿਸਾਨ ਜਥੇਬੰਦੀਆਂ ਦੀਆਂ ਗੱਲਾਂ, ਸਾਂਝੇ ਘੋਲਾਂḲਅੰਦੋਲਨਾਂ ਦੀਆਂਈਗੱਲਾਂ, ਕਰਜ਼ੇ ਦੀਆਂ ਖ਼ਰਾਬੀਆਂ, ਵਿਆਹਾਂ ਦੇ ਖ਼ਰਚਿਆਂ, ਦਫ਼ਤਰਾਂ ਵਿਚ ਕੰਮ ਕਰਵਾਉਣ ਵੇਲੇ ਆਉਂਦੀਆਂ ਕਠਿਨਾਈਆਂḲਰੁਕਾਵਟਾਂ, ਭ੍ਰਿਸ਼ਟਾਚਾਰ ਆਦਿ ਬਾਰੇ ਵੀ ਗੱਲਾਂ ਛਿੜਦੀਆਂ ਹਨ। ਲਾਈ ਲੱਗਾਂ ਦੀਆਂ ਗੱਲਾਂ ਵੀ ਕਹੀਆਂ-ਸੁਣੀਆਂ ਜਾਂਦੀਆਂ ਹਨ। ਨਕਲਾਂ ਕਰਨ ਵਾਲੇ, ਭੰਡ, ਰਾਸ ਧਾਰੀਏ ਤੇ ਲੋਕਾਂ ਦਾ ਹਲਕਾ-ਫੁਲਕਾ ਮਨੋਰੰਜਨ ਕਰਨ ਵਾਲੇ ਲੋਕ ਕਲਾਕਾਰ ਵੀ ਸੱਥ ਵਿਚ ਆ ਕੇ ਆਪਣੀ ਕਲਾ ਦੇ ਰੰਗ ਬਿਖੇਰਦੇ ਹਨ। ਸੱਥ ਵਿਚ ਅਸਲ ਦੁਨੀਆਂ ਦੇ ਸਮਾਨਾਂਤਰ ਇਕ ਦੁਨੀਆਂ ਵਾਸਾ ਕਰਦੀ ਪ੍ਰਤੀਤ ਹੁੰਦੀ ਹੈ। ਸੱਚ-ਮੁਚ ਪਿੰਡ ਦੀ ਆਵਾਜ਼ ਬਣਦੀ ਹੈ। ਸਮੇਂ ਦੇ ਫੇਰ-ਬਦਲ ਨਾਲ ਸੱਥ ਦੇ ਸੁਭਾਅ ਤੇ ਰੌਣਕ ਵਿਚ ਤਬਦੀਲੀ ਦਾ ਵਾਪਰਨਾ ਸਹਿਜ ਕਿਸਮ ਦਾ ਵਰਤਾਰਾ ਹੈ।

# ਲਾਕਡਾਊਨ ਨੇ ਏਅਰਲਾਈਨਾਂ ਦੀ ਤਹਿ ਲਾ ਦਿੱਤੀ ਹੈ

-ਰਵਰੀਤ ਸਿੰਘ

ਸ਼ਹਿਰੀ ਹਵਾਬਾਜ਼ੀ ਅਰਥਾਤ ਏਵੀਏਸ਼ਨ ਸੈਕਟਰ ਵਿਸ਼ਵ ਭਰ ਵਿੱਚ ਸਭ ਤੋਂ ਮਹੱਤਵਪੂਰਨ ਉਦਯੋਗਾਂ 'ਚੋਂ ਇੱਕ ਹੈ। ਇਸ ਉਦਯੋਗ ਵਿੱਚ ਵਰਤੇ ਜਾਣ ਵਾਲੇ ਹਵਾਈ ਜਹਾਜ਼ਾਂ ਦੀ ਵਰਤੋਂ ਸਿਰਫ ਯਾਤਰੀਆਂ ਨੂੰ ਇੱਕ ਤੋਂ ਦੂਜੀ ਜਗ੍ਹਾ ਜਾਂ ਮਾਲ ਲਿਜਾਣ ਲਈ ਕੀਤੀ ਜਾਂਦੀ ਹੈ। ਪੂਰੀ ਦੁਨੀਆ ਵਿੱਚ ਕੋਰੋਨਾ ਵਾਇਰਸ ਫੈਲਣ ਦੇ ਕਾਰਨ ਇਹ ਖੇਤਰ ਸਭ ਤੋਂ ਵੱਧ ਪ੍ਰਭਾਵਤ ਹੋਇਆ ਹੈ। ਕੋਰੋਨਾ ਕਾਰਨ ਭਾਰਤ ਸਮੇਤ ਕਈ ਦੇਸ਼ਾਂ ਨੇ ਹਵਾਈ ਉਡਾਣਾਂ ਰੱਦ ਕਰ ਦਿੱਤੀਆਂ ਹਨ। ਦੁਨੀਆ ਭਰ ਦੀਆਂ ਏਅਰਲਾਈਨਾਂ ਵੱਲੋਂ ਲਗਭਗ ਸਾਰੀਆਂ ਉਡਾਣਾਂ ਬੰਦ ਹੋਣ ਕਾਰਨ ਏਵੀਏਸ਼ਨ ਸੈਕਟਰ ਨੂੰ ਹੋ ਰਹੇ ਨੁਕਸਾਨ ਦੀ ਵਿਸ਼ਾਲਤਾ ਨੂੰ ਉਜਾਗਰ ਕਰ ਰਿਹਾ ਹੈ। ਕੋਰੋਨਾ ਨੇ ਸਿਰਫ ਸੜਕਾਂ ਨੂੰ ਹੀ ਨਹੀਂ, ਦੁਨੀਆ ਭਰ ਦੇ ਅਸਮਾਨ ਨੂੰ ਵੱਡੀ ਗਿਣਤੀ ਵਿੱਚ ਉਡ ਰਹੇ ਹਵਾਈ ਜਹਾਜ਼ਾਂ ਤੋਂ ਖਾਲੀ ਕਰ ਦਿੱਤਾ ਹੈ।

ਦੁਨੀਆ ਦੇ ਕਈ ਸ਼ਹਿਰ, ਜਿਵੇਂ ਨਿਊ ਯਾਰਕ, ਜਿਸ ਨੂੰ ਸਿਟੀ ਨੈਵਰ ਸਲੀਪਸ (ਕਦੀ ਨਾ ਸੌਣ ਵਾਲਾ ਸ਼ਹਿਰ) ਕਿਹਾ ਜਾਂਦਾ ਹੈ, ਅੱਜ ਸੁੰਨਸਾਨ ਨਜ਼ਰ ਆ ਰਿਹਾ ਹੈ। ਵੈੱਬਸਾਈਟ ਫਲਾਈ ਟ੍ਰੈਡਰ 24, ਜੋ ਕਿ ਵਿਸ਼ਵ ਦੀਆਂ ਉਡਾਣਾਂ ਨੂੰ ਟਰੈਕ ਕਰਦੀ ਹੈ ਅਤੇ ਦੁਨੀਆ ਭਰ ਦੇ ਹਜ਼ਾਰਾਂ ਜਹਾਜ਼ਾਂ ਬਾਰੇ ਰੋਜ਼ਾਨਾ ਅਸਲ ਸਮੇਂ ਦੀ ਜਾਣਕਾਰੀ ਦੇਂਦੀ ਹੈ, ਤੋਂ ਮਿਲਦੇ ਅੰਕੜਿਆਂ ਅਨੁਸਾਰ ਦਸੰਬਰ 2019 ਵਿੱਚ ਰੋਜ਼ਾਨਾ ਲਗਭਗ ਦੋ ਲੱਖ ਉਡਾਣਾਂ ਹੁੰਦੀਆਂ ਸਨ ਅਤੇ ਲੱਖਾਂ ਯਾਤਰੀ ਲੈ ਕੇ ਜਾਂਦੀਆਂ ਸਨ। ਇਸ ਦੀ ਔਸਤ ਜਨਵਰੀ ਦੇ ਮਹੀਨੇ ਵਿੱਚ ਘੱਟ ਕੇ ਰੋਜ਼ਾਨਾ 18 ਲੱਖ, ਫਰਵਰੀ 17 ਲੱਖ ਹੋ ਗਈ ਸੀ। ਇਹ ਮਾਰਚ ਦੇ ਅੰਤ ਵਿੱਚ ਲਗਭਗ ਇੱਕ ਤਿਹਾਈ ਘੱਟ ਕੇ ਸਿਰਫ 69,000 ਰਹਿ ਗਈ।

ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ (ਆਈ ਏ ਟੀ ਏ) ਦੇ ਤਾਜ਼ਾ ਅੰਕੜਿਆਂ ਅਨੁਸਾਰ ਵਿਸ਼ਵ ਭਰ ਦੀਆਂ ਏਅਰਲਾਈਨਾਂ ਨੂੰ ਕਰੀਬ 252 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਅਮੀਰਾਤ, ਇਤਹਿਦਾ, ਲੁਫਥਾਂਸਾ, ਸਿੰਗਾਪੁਰ ਏਅਰਲਾਈਨਜ਼ ਵਰਗੀਆਂ ਦੁਨੀਆ ਦੀਆਂ ਕਈ ਪ੍ਰਮੁੱਖ ਏਅਰਲਾਈਨਾਂ ਨੂੰ ਆਪਣੇ ਜਹਾਜ਼ ਹਵਾਈ ਅੱਡਿਆਂ 'ਤੇ ਖੜ੍ਹੇ ਕਰਨੇ ਪੈ ਗਏ ਹਨ। ਇਹ ਇਸ ਲਈ ਹੋਇਆ ਕਿ ਬਹੁਤ ਸਾਰੇ ਦੇਸ਼ਾਂ ਨੇ ਸਾਰੀਆਂ ਘਰੇਲੂ ਤੇ ਕੌਮਾਂਤਰੀ ਉਡਾਣਾਂ 'ਤੇ ਪਾਬੰਦੀ ਲਾ ਦਿੱਤੀ ਹੈ। ਭਾਰਤ ਨੇ ਵੀ ਸਭ ਘਰੇਲੂ ਤੇ ਕੌਮਾਂਤਰੀ ਉਡਾਣਾਂ ਨੂੰ ਪਹਿਲਾਂ 24 ਮਾਰਚ ਤੋਂ ਤੀਹ ਮਾਰਚ ਤੱਕ ਬੰਦ ਕਰ ਦਿੱਤਾ ਸੀ, ਜੋ ਪਹਿਲਾਂ 14 ਅਪ੍ਰੈਲ, ਫਿਰ ਤਿੰਨ ਮਈ ਤੇ ਫਿਲਹਾਲ 17 ਮਈ ਤੱਕ ਬੰਦ ਰਹਿਣਗੀਆਂ। ਸਾਰੀਆਂ ਭਾਰਤੀ ਏਅਰਲਾਈਨਾਂ ਏਅਰ ਇੰਡੀਆ, ਇੰਡੀਗੋ, ਵਿਸਤਾਰਾ, ਸਪਾਈਸਜੈੱਟ, ਗੋਏਅਰ ਨੂੰ ਇਸ ਨਾਲ ਵੱਡਾ ਘਾਟਾ ਪੈ ਰਿਹਾ ਹੈ। ਉਨ੍ਹਾਂ ਨੂੰ ਭਾਰਤ ਦੇ ਵੱਖ-ਵੱਖ ਹਵਾਈ ਅੱਡਿਆਂ 'ਤੇ ਪਾਰਕਿੰਗ ਸਥਾਨਾਂ ਦੀ ਵੀ ਭਾਲ ਕਰਨੀ ਪਈ ਅਤੇ ਕਈ ਸਟਾਫ ਮੈਂਬਰ ਵੱਖ-ਵੱਖ ਸ਼ਹਿਰਾਂ ਵਿੱਚ ਫਸੇ ਹੋਏ ਹਨ।

### ਏਵੀਏਸ਼ਨ ਉੱਤੇ ਕੋਰੋਨਾ ਦਾ ਪ੍ਰਭਾਵ

ਸੈਂਟਰ ਫਾਰ ਏਵੀਏਸ਼ਨ (ਸੀ ਏ ਪੀ ਏ) ਦੀ ਭਾਰਤ ਵਿਚਲੀ ਸ਼ਾਖਾ, ਜੋ ਸ਼ਹਿਰੀ ਹਵਾਬਾਜ਼ੀ ਤੇ ਯਾਤਰਾ ਉਦਯੋਗ ਦੇ ਅਨੁਮਾਨਾਂ ਦੀ ਜਾਣਕਾਰੀ ਦੇਂਦੀ ਹੈ, ਨੇ ਇਹ ਅਨੁਮਾਨ ਲਗਾਇਆ ਹੈ ਕਿ ਭਾਰਤ ਦੀ ਰਾਸ਼ਟਰੀ ਏਅਰਲਾਈਨ ਏਅਰ ਇੰਡੀਆ ਨੂੰ ਰੋਜ਼ ਤੀਹ-ਪੈਂਤੀ ਕਰੋੜ ਦਾ ਘਾਟਾ ਪੈ ਰਿਹਾ ਹੈ। ਮਾਰਚ ਵਿੱਚ ਫਲਾਈਬੀ, ਜੋ ਯੂਰਪ ਦੀ ਸਭ ਤੋਂ ਵੱਡੀ ਖੇਤਰੀ ਏਅਰਲਾਈਨ ਹੈ, ਕੋਰੋਨਾ ਵਾਇਰਸ ਕਾਰਨ ਵਿੱਤੀ ਘਾਟੇ ਨੂੰ ਪੂਰਾ ਨਾ ਕਰ ਸਕੀ ਅਤੇ ਉਸ ਦਾ ਦੀਵਾਲਾ ਨਿਕਲ ਗਿਆ। ਆਈ ਏ ਟੀ ਏ ਦਾ ਅੰਦਾਜ਼ਾ ਹੈ ਕਿ ਜੇ ਜਲਦੀ ਉਡਾਣਾਂ ਸ਼ੁਰੂ ਨਾ ਹੋਈਆਂ ਤਾਂ ਕਈ ਹੋਰ ਏਅਰਲਾਈਨਾਂ ਇਸ ਹਾਲ ਵਿੱਚ ਜਾ ਸਕਦੀਆਂ ਹਨ। ਸਿਰਫ ਏਅਰਲਾਈਨਾਂ ਨਹੀਂ, ਇਹ ਸਥਿਤੀ ਜਹਾਜ਼ ਨਿਰਮਾਤਾਵਾਂ 'ਤੇ ਵੀ ਮਾੜਾ ਪ੍ਰਭਾਵ ਪਾ ਰਹੀ ਹੈ। ਏਅਰਬਸ ਅਤੇ ਬੋਇੰਗ, ਵਿਸ਼ਵ ਦੇ ਸਭ ਤੋਂ ਵੱਡੇ ਏਅਰ ਕਰਾਫਟ ਨਿਰਮਾਣਕਾਰਾਂ ਨੇ ਆਪਣੇ ਬਹੁਤ ਸਾਰੇ ਜਹਾਜ਼ਾਂ ਦੇ ਉਤਪਾਦਨ 'ਤੇ ਅਸਥਾਈ ਰੋਕ ਲਾ ਦਿੱਤੀ ਹੈ। ਉਤਪਾਦਨ ਦੀ ਰੁਕਾਵਟ, ਏਅਰਲਾਈਨਾਂ ਦੁਆਰਾ ਨਵੇਂ ਜਹਾਜ਼ਾਂ ਨੂੰ ਨਾ ਖਰੀਦਣਾ ਇੱਕ ਵੱਡੇ ਵਿੱਤੀ ਸੰਕਟ ਵੱਲ ਇਸ਼ਾਰਾ ਹੈ।

ਇਸ ਸਾਰੇ ਵਰਤਾਰੇ ਕਾਰਨ ਏਵੀਏਸ਼ਨ ਸੈਕਟਰ ਦੇ ਸਾਰੇ ਕਰਮਚਾਰੀਆਂ ਦੇ ਭਵਿੱਖ 'ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਫਲਾਈਬੀ ਦੇ ਬੰਦ ਹੋਣ ਨਾਲ ਇਸ ਦੇ ਹਜ਼ਾਰਾਂ ਮੁਲਾਜ਼ਮ ਬੇਰੁਜ਼ਗਾਰ ਹੋ ਗਏ ਹਨ। ਜੇ ਇਹ ਸਥਿਤੀ ਜਾਰੀ ਰਹੀ ਤਾਂ ਹੋ ਸਕਦਾ ਹੈ ਕਿ ਲੱਖਾਂ ਲੋਕ ਭਾਰਤ ਅਤੇ ਵਿਸ਼ਵ ਭਰ ਵਿੱਚ ਬੇਰੁਜ਼ਗਾਰ ਹੋਣਗੇ। ਭਾਰਤ ਅਤੇ ਵਿਸ਼ਵ ਦੇ ਹਵਾਈ ਅੱਡਿਆਂ ਨੂੰ ਵੀ ਫਲਾਈਟਾਂ ਰੱਦ ਹੋਣ ਕਾਰਨ ਫੀਸ ਦੇ ਰੂਪ ਵਿੱਚ ਹੋ ਰਹੀ ਆਮਦਨੀ ਨਾ ਹੋਣ ਕਾਰਨ ਭਾਰ ਘਾਟਾ ਪੈ ਰਿਹਾ ਹੈ। ਅੰਮ੍ਰਿਤਸਰ ਆਪਣੇ ਕੁਝ ਰੂਟਾਂ 'ਤੇ ਵਕਤੀ ਤੌਰ 'ਤੇ ਆਪਣਾ ਕੌਮਾਂਤਰੀ ਸੰਪਰਕ ਗੁਆ ਸਕਦਾ ਹੈ। ਏਅਰਲਾਈਨਾਂ ਵੱਡੇ ਹਵਾਈ ਅੱਡਿਆਂ ਤੋਂ ਰੂਟ ਮੁੜ ਸ਼ੁਰੂ ਕਰਨ 'ਤੇ ਧਿਆਨ ਕੇਂਦਰਿਤ ਕਰਨਗੀਆਂ। ਇਸ ਤੋਂ ਬਾਅਦ ਅੰਮ੍ਰਿਤਸਰ ਵਰਗੇ ਟੀਅਰ-2 ਹਵਾਈ ਅੱਡੇ ਤੋਂ ਸ਼ੁਰੂ ਕਰਨਗੀਆਂ। ਅੰਮ੍ਰਿਤਸਰ ਉਡਾਣਾਂ ਬੰਦ ਹੋਣ ਤੋਂ ਪਹਿਲਾਂ ਨੌਂ ਕੌਮਾਂਤਰੀ ਅਤੇ ਨੌਂ ਘਰੇਲੂ ਸ਼ਹਿਰਾਂ ਲਈ ਉਡਾਣਾਂ ਸਨ ਅਤੇ ਇਥੇ ਰੋਜ਼ਾਨਾ 25 ਤੋਂ ਤੀਹ ਉਡਾਣਾਂ ਸਨ। ਕੋਰੋਨਾ ਮਹਾਮਾਰੀ ਤੋਂ ਪਹਿਲਾਂ ਅੰਮ੍ਰਿਤਸਰ ਦੇ ਰਾਜਾਸਾਂਸੀ ਕੌਮਾਂਤਰੀ ਹਵਾਈ ਅੱਡੇ 'ਤੇ ਗਹਿਮਾ ਗਹਿਮੀ ਹੋਇਆ ਕਰਦੀ ਸੀ।

ਅਮਰੀਕੀ, ਕੈਨੇਡਾ, ਆਸਟਰੇਲੀਆ, ਇੰਗਲੈਂਡ, ਨਿਊਜ਼ੀਲੈਂਡ ਅਤੇ ਹੋਰ ਦੇਸ਼ਾਂ 'ਚੋਂ ਪਰਵਾਸੀ ਪੰਜਾਬੀ ਜਹਾਜ਼ ਭਰ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਆਇਆ ਕਰਦੇ ਸਨ। ਅੱਜ ਇਹ ਏਅਰਪੋਰਟ ਭਾਂ-ਭਾਂ ਕਰ ਰਿਹਾ ਹੈ। ਇਹੀ ਹਾਲ ਦੇਸ਼-ਵਿਦੇਸ਼ ਦੇ ਹੋਰ ਹਵਾਈ ਅੱਡਿਆਂ ਦਾ ਹੈ। ਇਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਇਹ ਸੈਕਟਰ ਕੋਰੋਨਾ ਦੀ ਕਿੰਨੀ ਮਾਰ ਸਹਾਰ ਰਿਹਾ ਹੈ। ਉਡਾਣਾਂ ਬੰਦ ਹੋਣ ਕਾਰਨ ਵਿਦੇਸ਼ਾਂ ਵਿੱਚ ਵਸੇ ਕਈ ਭਾਰਤੀ ਅਤੇ ਸੈਲਾਨੀ ਭਾਰਤ ਵਿੱਚਅਤੇ ਭਾਰਤੀ ਵਿਦੇਸ਼ਾਂ ਵਿੱਚ ਫਸ ਗਏ ਹਨ। ਸਰਕਾਰਾਂ ਵੱਲੋਂ ਵਿਸ਼ੇਸ਼ ਉਡਾਣਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਤਾਂ ਜੋ ਨਾਗਰਿਕ ਆਪਣੇ ਮੁਲਕਾਂ ਦਰਮਿਆਨ ਉਡਾਣਾਂ ਦੇ ਜਲਦੀ ਸ਼ੁਰੂ ਹੋਣ ਦੀ ਸੰਭਾਵਨਾ ਬਹੁਤ ਮੱਧਮ ਜਾਪ ਰਹੀ ਹੈ।

# ਪਿੱਜ਼ਾ ਸਮੋਸਾ



ਸਮੱਗਰੀ- 300 ਗਰਾਮ ਮੈਦਾ, ਇੱਕ ਟੀ ਸਪੂਨ ਨਮਕ, ਤੇਲ 35 ਮਿਲੀਲੀਟਰ, 150 ਮਿਲੀਲੀਟਰ ਪਾਣੀ, ਪਿਆਜ਼ 100 ਗਰਾਮ, ਟਮਾਟਰ 100 ਗਰਾਮ, ਸ਼ਿਮਲਾ ਮਿਰਚ 250 ਗਰਾਮ, ਸਵੀਟ ਕੋਰਨ 80 ਗਰਾਮ, ਮੋਜ਼ਰੇਲਾ ਚੀਜ਼ 160 ਗਰਾਮ, ਪਿੱਜ਼ਾ ਸੋਸ 60 ਗਰਾਮ, ਕੈਚਅਪ 50 ਗਰਾਮ, ਨਮਕ 1/4 ਟੀ ਸਪੂਨ, ਕਾਲੀ ਮਿਰਚ 1/4 ਟੀ ਸਪੂਨ, ਓਰੇਗੈਨੋ 1 ਟੀ ਸਪੂਨ, ਚਿੱਲੀ ਫਲੇਕਸ ਅੱਧਾ ਟੀ ਸਪੂਨ, ਬਲੈਕ ਓਲਿਵ ਇੱਕ ਟੇਬਲ ਸਪੂਨ, ਪਾਣੀ-ਬਰੱਸ਼ ਲਈ, ਤਲਣ ਲਈ ਤੇਲ।

ਵਿਧੀ- ਇੱਕ ਮਿਕਸਿੰਗ ਬਾਊਲ 'ਚ 300 ਗਰਾਮ ਮੈਦਾ, ਇੱਕ ਟੀ ਸਪੂਨ ਨਮਕ, 35 ਮਿਲੀਲੀਟਰ ਤੇਲ, 150 ਮਿਲੀਲੀਟਰ ਪਾਣੀ ਪਾ ਕੇ ਨਰਮ ਗੁੰਨ ਲਓ ਅਤੇ 20 ਮਿੰਟ ਲਈ ਰੱਖ ਦਿਓ।

ਇੱਕ ਹੋਰ ਕਟੋਰੀ ਵਿੱਚ 100 ਗਰਾਮ ਪਿਆਜ਼, 100 ਗਰਾਮ ਟਮਾਟਰ, 250 ਗਰਾਮ ਸ਼ਿਮਲਾ ਮਿਰਚ, 80 ਗਰਾਮ ਸੀਟ ਕੌਰਨ, 160 ਗਰਾਮ ਮੋਜਰੇਲਾ ਚੀਜ਼, 60 ਗਰਾਮ ਪਿੱਜ਼ਾ ਸੋਸ, 50 ਗਰਾਮ ਕੈਚਅਪ, 1/4 ਟੀ ਸਪੂਨ ਨਮਕ, ਇੱਕ ਟੀ ਸਪੂਨ ਕਾਲੀ ਮਿਰਚ, ਇੱਕ ਟੀ ਸਪੂਨ ਆਰਗੇਨੋ, ਅੱਧਾ ਟੀ ਸਪੂਨ ਮਿਰਚ ਫਲੇਕਸ, ਇੱਕ ਟੇਬਲ ਸਪੂਨ ਬਲੈਕ ਓਲਿਵ। ਇਸ ਸਾਰੀ ਸਮੱਗਰੀ ਨੂੰ ਚੰਗੀ ਤਰ੍ਹਾਂ ਮਿਲਾ ਲਓ।

ਫਿਰ ਆਟੇ ਦੀ ਇੱਕ ਲੋਈ ਲਓ ਅਤੇ ਵੇਲਣੇ ਦੀ ਮਦਦ ਨਾਲ ਚਪਟਾ ਕਰ ਕੇ ਇਸ ਨੂੰ ਅੱਧਾ ਕੱਟ ਲਓ। ਫਿਰ ਇਸ ਨੂੰ ਪਾਣੀ ਨਾਲ ਬਰੱਸ਼ ਕਰੋ। ਆਟੇ ਦਾ ਇੱਕ ਕੋਣ ਆਕਾਰ ਬਣਾ ਕੇ ਤਿਆਰ ਮਟੀਰੀਅਲ ਦੇ ਨਾਲ ਸਟੱਫਿੰਗ ਕਰੋ। ਕਿਨਾਰਿਆਂ ਨੂੰ ਚੰਗੀ ਤਰ੍ਹਾਂ ਸੀਲ ਕਰ ਦਿਓ। ਇੱਕ ਕੜਾਹੀ ਵਿੱਚ ਲੋੜੀਂਦੀ ਮਾਤਰਾ ਵਿੱਚ ਤੇਲ ਗਰਮ ਕਰੋ ਅਤੇ ਸੁਨਹਿਰ ਭੂਰਾ ਅਤੇ ਕੁਰਕੁਰਾ ਹੋਣ ਤੱਕ ਡੀਪ ਫਰਾਈ ਕਰੋ। ਤੁਹਾਡਾ ਪਿੱਜ਼ਾ ਸਮੋਸਾ ਤਿਰ ਹੈ, ਹੁਣ ਇਸ ਨੂੰ ਗਰਮਾ ਗਰਮ ਪਰੋਸੋ।

# ਦੁਨੀਆ ਹੱਸਦੀ ਵਸਦੀ ਚੰਗੀ ਲਗਦੀ ਹੈ...

*ਦੁਨੀਆ ਹੱਸਦੀ ਵਸਦੀ ਚੰਗੀ ਲਗਦੀ ਹੈ।*
*ਅੱਜ ਕੱਲ੍ਹ ਦਹਿਸ਼ਤ ਦੀ ਇਹ ਡੰਗੀ ਲਗਦੀ ਹੈ।*
*ਜਿੱਦਾਂ ਕੁਦਰਤ ਖੂੰਜੇ ਬੰਦਾ ਲਾਉਂਦਾ ਸੀ*
*ਓਦਾਂ ਕੁਦਰਤ ਅੱਜ ਨਿਸੰਗੀ ਲਗਦੀ ਹੈ।*
*ਕੁਦਰਤ ਕੀਤਾ ਹਮਲਾ ਤੇ ਸਹਮੀ ਦੁਨੀਆ*
*ਇਹ ਦਹਿਸ਼ਤ ਤਾਂ ਪੂਰੀ ਜੰਗੀ ਲਗਦੀ ਹੈ।*
*ਮੌਤ ਬਿਮਾਰੀ ਬਣਕੇ ਦਰ ਦਰ ਜਾ ਢੁੱਕੀ*
*ਮੌਤ ਕਿਸੇ ਨਾ ਦਰ ਤੋਂ ਸੰਗੀ ਲਗਦੀ ਹੈ।*
*ਛੋਟੇ ਵੱਡੇ ਹੱਲ ਮੁਸੀਬਤ ਦਾ ਲੱਭਦੇ*
*ਚੰਗੀ ਦੁਨੀਆ ਹਿੰਮਤੀ ਢੰਗੀ ਲਗਦੀ ਹੈ।*
*ਰਾਸ਼ਨ ਪਾਣੀ ਮੁੱਕਿਆ ਕੋਲ ਗਰੀਬਾਂ ਦੇ*
*ਨਿੱਤ ਕਮਾਉਂਦੇ ਨੂੰ ਤਾਂ ਤੰਗੀ ਲਗਦੀ ਹੈ।*
*ਮਾਂ ਅਪਣੇ ਜਾਏ ਦੀ ਖੈਰ ਮਨਾਵੇ ਤੇ*
*ਫਿਕਰਾਂ ਵਾਲੀ ਸੂਲੀ ਟੰਗੀ ਲਗਦੀ ਹੈ।*
*ਦਾਨ ਕਰੇਂਦਾ ਕੋਈ ਤੇ ਕੋਈ ਲੁੱਟਦਾ*
*ਦੁਨੀਆ ਤੇਰੀ ਇਹ ਬਹੁ ਰੰਗੀ ਲਗਦੀ ਹੈ।*

*-ਹਰਦੀਪ ਬਿਰਦੀ 9041600900*

## ਲਾਕਡਾਊਨ ਦੌਰਾਨ ਅਪ੍ਰੈਲ ਵਿੱਚ 2.70 ਕਰੋੜ ਭਾਰਤੀ ਲੋਕਾਂ ਨੇ ਨੌਕਰੀ ਗਵਾਈ



ਨਵੀਂ ਦਿੱਲੀ, 13 ਮਈ (ਪੋਸਟ ਬਿਊਰੋ)- ਭਾਰਤ ਵਿੱਚ ਲਾਕਡਾਊਨ ਦੇ ਦੌਰਾਨ ਵੱਡੀ ਗਿਣਤੀ 'ਚ ਨੌਜਵਾਨ ਬੇਰੋਜ਼ਗਾਰ ਹੋ ਗਏ ਹਨ। ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ (ਸੀ ਐਮ ਆਈ ਈ) ਨੇ ਦੱਸਿਆ ਕਿ ਦੇਸ਼ 'ਚ 20 ਤੋਂ 30 ਸਾਲ ਉਮਰ ਵਰਗ ਦੇ 2 ਕਰੋੜ 70 ਲੱਖ ਨੌਜਵਾਨਾਂ ਨੂੰ ਅਪ੍ਰੈਲ 'ਚ ਨੌਕਰੀ ਤੋਂ ਹੱਥ ਧੋਣਾ ਪਿਆ ਹੈ।

ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਨੂੰ ਰੋਕਣ ਲਈ ਭਾਰਤ 'ਚ 25 ਮਾਰਚ ਤੋਂ ਲਾਕਡਾਊਨ ਲਾਗੂ ਕੀਤਾ ਗਿਆ ਸੀ, ਜੋ ਤਿੰਨ ਵੱਖ-ਵੱਖ ਫੇਜ਼ ਤੋਂ ਹੁੰਦੇ ਹੋਏ ਅਜੇ ਤੱਕ ਜਾਰੀ ਹੈ। ਕਰੀਬ 50 ਦਿਨਾਂ ਦੇ ਲਾਕਡਾਊਨ ਦੌਰਾਨ ਦੇਸ਼ ਦੀਆਂ ਕਈਆਂ ਕੰਪਨੀਆਂ ਤੇ ਬਿਜ਼ਨੈਸ ਨੂੰ ਘਾਟਾ ਹੋਇਆ ਹੈ। ਸੀ ਐਮ ਆਈ ਈ ਦੇ ਖਪਤਕਾਰ ਪਿਰਾਮਿਡ ਘਰੇਲੂ ਸਰਵੇ ਦੇ ਡਾਟਾ ਤੋਂ ਪਤਾ ਚੱਲਦਾ ਹੈ ਕਿ ਨੌਕਰੀ ਗਵਾਉਣ ਵਾਲੇ 11 ਫੀਸਦੀ ਲੋਕ 20-24 ਸਾਲ ਦੀ ਉਮਰ ਦੇ ਨੌਜਵਾਨ ਸਨ। ਇਸ 'ਚ 2019-20 'ਚ ਕੁਲ ਰੋਜ਼ਗਾਰ ਪਾਉਣ ਵਾਲੇ ਲੋਕਾਂ ਦਾ ਇਹ 8.5 ਫ਼ੀਸਦੀ ਹੈ। 2019-20 'ਚ 3 ਕਰੋੜ 42 ਲੱਖ ਨੌਜਵਾਨ ਪੁਰਸ਼ ਅਤੇ ਔਰਤਾਂ ਨੂੰ ਰੋਜ਼ਗਾਰ ਹਾਸਲ ਸੀ। ਅਪ੍ਰੈਲ 2020 'ਚ ਇਨ੍ਹਾਂ ਦੀ ਗਿਣਤੀ ਘੱਟ ਕੇ 2 ਕਰੋੜ 9 ਹਜ਼ਾਰ ਰਹਿ ਗਈ। ਇਸ ਦੌਰਾਨ ਸੀ ਐਮ ਆਈ ਈ ਦੀ ਵੀਕਲੀ ਰਿਪੋਰਟ ਅਨੁਸਾਰ 10 ਮਈ ਨੂੰ ਖ਼ਤਮ ਹੋਏ ਹਫ਼ਤੇ 'ਚ ਬੇਰੋਜ਼ਗਾਰੀ ਦਰ 'ਚ ਸੁਧਾਰ ਹੋਇਆ ਹੈ। ਇਹ 27.1 ਫੀਸਦੀ ਤੋਂ ਘੱਟ ਕੇ 24 ਫੀਸਦੀ 'ਤੇ ਆ ਗਈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਦੌਰਾਨ ਲੇਬਰ ਪਾਰਟੀਸੀਪੇਸ਼ਨ 36.2 ਫੀਸਦੀ ਤੋਂ ਵੱਧ ਕੇ 37.6 ਫੀਸਦੀ ਹੋ ਗਿਆ ਹੈ। ਜਿਹੜੇ ਇਲਾਕੇ ਗਰੀਨ ਅਤੇ ਆਰੇਂਜ ਸਰਕਲ ਵਿੱਚ ਹਨ, ਉਥੇ ਸਰਕਾਰ ਉਦਯੋਗਾਂ ਨੂੰ ਹੌਲੀ-ਹੌਲੀ ਖੋਲ੍ਹਣ ਦੀ ਆਗਿਆ ਦੇ ਰਹੀ ਹੈ। ਇਸ ਨਾਲ ਰੋਜ਼ਗਾਰ ਦਰ 26.4 ਤੋਂ ਵੱਧ ਕੇ 28.6 ਫੀਸਦੀ ਹੋ ਗਈ ਹੈ। ਦੂਜੇ ਪਾਸੇ 25-29 ਸਾਲ ਦੀ ਉਮਰ ਦੇ 1 ਕਰੋੜ 40 ਲੱਖ ਨੌਜਵਾਨਾਂ ਦੀਆਂ ਨੌਕਰੀਆਂ ਖੁੱਸ ਗਈਆਂ। ਇਸ ਉਮਰ ਦੇ ਲੋਕਾਂ ਦੀ 2019-20 'ਚ ਕੁਲ ਰੋਜ਼ਗਾਰ 'ਚ 11.1 ਫੀਸਦੀ ਹਿੱਸੇਦਾਰੀ ਸੀ, ਪਰ ਜਾਬ ਲਾਸ 11.5 ਫੀਸਦੀ ਰਿਹਾ ਸੀ। ਉਥੇ ਹੀ 30 ਸਾਲ ਦੀ ਉਮਰ ਦੇ 3 ਕਰੋੜ 30 ਲੱਖ ਪੁਰਸ਼ਾਂ ਅਤੇ ਔਰਤਾਂ ਨੇ ਅਪ੍ਰੈਲ 'ਚ ਆਪਣੀ ਨੌਕਰੀ ਗਵਾਈ ਹੈ। ਇਸ 'ਚੋਂ 86 ਫੀਸਦੀ ਨੌਕਰੀਆਂ ਪੁਰਸ਼ਾਂ ਦੀਆਂ ਗਈਆਂ ਹਨ ਅਤੇ ਇਹ ਵਰਤਾਰਾ ਅਜੇ ਵੀ ਜਾਰੀ ਹੈ।

# ਤਨਖਾਹ ਕਟੌਤੀ ਤੋਂ ਭੜਕੇ ਮਜ਼ਦੂਰਾਂ ਦੇ ਪਥਰਾਅ ਦੌਰਾਨ ਐਸ ਡੀ ਐਮ ਤੇ ਡੀ ਐਸ ਪੀ ਜ਼ਖਮੀ

ਮਾਲੇਰਕੋਟਲਾ, 13 ਮਈ (ਪੋਸਟ ਬਿਊਰੋ)- ਏਥੋਂ ਦੀ ਅਰੀਹਾਂਤ ਧਾਗਾ ਮਿੱਲ ਵੱਲੋਂ ਲੇਬਰ ਦੀ ਤਨਖਾਹ ਵਿੱਚ ਕਟੌਤੀ ਦੇ ਮੁੱਦੇ ਤੋਂ ਸੋਮਵਾਰ ਰਾਤ ਸ਼ੁਰੂ ਹੋਏ ਵਿਵਾਦ ਵਿੱਚ ਕੱਲ੍ਹ ਰਾਤ ਮਿੱਲ ਦੇ ਕਰੀਬ ਚਾਰ ਸੌ ਮਜ਼ਦੂਰਾਂ ਨੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਅਤੇ ਮਿੱਲ ਕੰਪਲੈਕਸ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ। ਇਸ ਮੌਕੇ ਪੁਲਸ ਵੱਲੋਂ ਖਿੱਚਧੂਹ ਕਰਨ ਉੱਤੇ ਮਜ਼ਦੂਰਾਂ ਨੇ ਪੁਲਸ ਅਤੇ ਪ੍ਰਸ਼ਾਸਨਕ ਅਧਿਕਾਰੀਆਂ 'ਤੇ ਪਥਰਾਅ ਕਰ ਦਿੱਤਾ, ਇਸ ਕਾਰਨ ਐੱਸ ਡੀ ਐੱਮ ਮਾਲੇਰਕੋਟਲਾ ਵਿਕਰਮਜੀਤ ਸਿੰਘ ਪਾਂਥੇ, ਡੀ ਐੱਸ ਪੀ ਸੁਮੀਤ ਸੂਦ ਅਤੇ ਏ ਐੱਸ ਆਈ ਜਸਵਿੰਦਰ ਸਿੰਘ ਜ਼ਖਮੀ ਹੋ ਗਏ। ਪੁਲਸ ਨੇ 400 ਤੋਂ ਵੱਧ ਅਣਪਛਾਤੇ ਮਜ਼ਦੂਰਾਂ 'ਤੇ ਕੇਸ ਦਰਜ ਕਰ ਲਿਆ ਹੈ।



ਪ੍ਰਸ਼ਾਸਨਿਕ ਅਧਿਕਾਰੀ ਮਜਦੂਰਾਂ ਨੂੰ ਸ਼ਾਂਤ ਕਰਵਾਉਣ ਦਾ ਯਤਨ ਕਰਦੇ ਹੋਏ।

ਮਿਲੀ ਜਾਣਕਾਰੀ ਅਨੁਸਾਰ ਤਨਖਾਹ ਵਿੱਚ ਕਟੌਤੀ ਬਾਰੇ ਸੋਮਵਾਰ ਨੂੰ ਵਿਵਾਦ ਹੋ ਗਿਆ ਸੀ। ਮਿੱਲ ਪ੍ਰਬੰਧਕਾਂ ਦੀ ਸੂਚਨਾ 'ਤੇ ਰਾਤ ਐੱਸ ਡੀ ਐੱਮ ਵਿਕਰਮਜੀਤ ਸਿੰਘ ਪਾਂਥੇ, ਡੀ ਐੱਸ ਪੀ ਸੁਮੀਤ ਸੂਦ ਅਤੇ ਹੋਰ ਅਧਿਕਾਰੀ ਮੌਕੇ ਉੱਤੇ ਪੁੱਜ ਗਏ। ਉਨ੍ਹਾਂ ਨੇ ਇੱਕ ਵਾਰ ਮਜ਼ਦੂਰਾਂ ਨੂੰ ਸ਼ਾਂਤ ਕਰ ਕੇ ਕੁਆਰਟਰਾਂ ਵਿੱਚ ਭੇਜ ਦਿੱਤਾ, ਪਰ ਮਜ਼ਦੂਰਾਂ ਨੇ ਫਿਰ ਇਕੱਠੇ ਹੋ ਕੇ ਹੰਗਾਮਾ ਸ਼ੁਰੂ ਕਰ ਦਿੱਤਾ ਅਤੇ ਪੁਲਸ ਤੇ ਪ੍ਰਸ਼ਾਸਨਕ ਅਧਿਕਾਰੀਆਂ 'ਤੇ ਪਥਰਾਅ ਕੀਤਾ। ਇਸ 'ਤੇ ਪੁਲਸ ਨੇ ਹਲਕਾ ਲਾਠੀਚਾਰਜ ਕਰ ਕੇ ਉਨ੍ਹਾਂ ਨੂੰ ਖਦੇੜਿਆ। ਮਜ਼ਦੂਰਾਂ ਦੀਆਂ ਸਮੱਸਿਆਵਾਂ ਸੁਣਨ ਲਈ ਕੱਲ੍ਹ ਏ ਡੀ ਸੀ ਰਾਜੇਸ਼ ਤ੍ਰਿਪਾਠੀ ਤੇ ਐੱਸ ਡੀ ਐੱਮ ਮਾਲੇਰਕੋਟਲਾ ਵਿਕਰਮਜੀਤ ਸਿੰਘ ਪਾਂਥੇ ਫਿਰ ਮਿਲ ਵਿੱਚ ਪੁੱਜੇ। ਦੇਰ ਸ਼ਾਮ ਤੱਕ ਮੀਟਿੰਗ ਜਾਰੀ ਰਹੀ, ਪਰ ਕੋਈ ਸਮਝੌਤਾ ਨਹੀਂ ਹੋ ਸਕਿਆ। ਮਜ਼ਦੂਰਾਂ ਦਾ ਕਹਿਣਾ ਹੈ ਕਿ ਮਿੱਲ ਪ੍ਰਬੰਧਕ ਉਨ੍ਹਾਂ ਨੂੰ ਕਟੌਤੀ ਕਰ ਕੇ ਤਨਖਾਹ ਦੇ ਰਹੇ ਹਨ ਅਤੇ ਮਿੱਲ ਦੇ ਅੰਦਰ ਦੁਕਾਨਾਂ ਤੋਂ ਮਹਿੰਗੇ ਭਾਅ ਰਾਸ਼ਨ, ਸਬਜ਼ੀਆਂ ਮਿਲਦੀਆਂ ਹਨ। ਮਿੱਲ ਦੇ ਪ੍ਰਤੀਨਿਧ ਨੀਰਜ ਸ਼ਰਮਾ ਨੇ ਕਾਮਿਆਂ ਦੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰ ਕੇ ਕਿਹਾ ਕਿ ਕਰਫਿਊ ਦੌਰਾਨ ਮਿੱਲ ਦੇ ਬੰਦ ਹੋਣ ਦੇ ਬਾਵਜੂਦ ਮਿੱਲ ਪ੍ਰਬੰਧਕ ਕਾਮਿਆਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਨਾਲ-ਨਾਲ ਡਾਕਟਰੀ ਸਹਾਇਤਾ ਵੀ ਦੇ ਰਹੇ ਹਨ।

## ਮਹਾਰਾਸ਼ਟਰ ਵਿੱਚ 17000 ਕੈਦੀ ਕੁਝ ਸਮੇਂ ਲਈ ਰਿਹਾਅ ਹੋਣਗੇ



ਮੁੰਬਈ, 13 ਮਈ (ਪੋਸਟ ਬਿਊਰੋ)- ਮਹਾਰਾਸ਼ਟਰ ਸਰਕਾਰ ਨੇ ਸੂਬੇ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਕੁੱਲ 35000 ਕੈਦੀਆਂ ਵਿੱਚੋਂ 17000 ਨੂੰ ਕੱਚੀ ਪੈਰੋਲ 'ਤੇ ਛੱਡਣ ਦਾ ਫੈਸਲਾ ਲਿਆ ਹੈ। ਇਨ੍ਹਾਂ ਵਿੱਚੋਂ 5000 ਵਿਚਾਰ ਅਧੀਨ ਕੈਦੀ ਛੱਡੇ ਜਾ ਚੁੱਕੇ ਹਨ। ਇਹ ਕਦਮ ਕੋਵਿਡ 19 ਨੂੰ ਫੈਲਣ ਤੋਂ ਰੋਕਣ ਲਈ ਉਠਾਇਆ ਜਾ ਰਿਹਾ ਹੈ।

ਇਸ ਰਾਜ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਨੇ ਕੱਲ੍ਹ ਦੱਸਿਆ ਕਿ ਇਹ ਫੈਸਲਾ ਓਦੋਂ ਲਿਆ ਜਾ ਰਿਹਾ ਹੈ, ਜਦੋਂ ਮੁੰਬਈ ਦੇ ਆਰਥਰ ਰੋਡ ਜੇਲ੍ਹ ਵਿੱਚ 185 ਕੈਦੀ ਕੋਰੋਨਾ ਵਾਇਰਸ ਤੋਂ ਇਨਫੈਕਟਿਡ ਪਤਾ ਲੱਗੇ ਹਨ। ਇਸ ਤੋਂ ਪਹਿਲਾਂ ਰਾਜ ਸਰਕਾਰ ਵੱਲੋਂ ਬਣਾਈ ਉੱਚ ਅਧਿਕਾਰ ਪ੍ਰਾਪਤ ਕਮੇਟੀ ਨੇ ਕੋਵਿਡ 19 ਇਨਫੈਕਸ਼ਨ ਦੀ ਵਧਦੀ ਗਿਣਤੀ ਨੂੰ ਦੇਖਦੇ ਹੋਏ ਸੂਬੇ ਦੀਆਂ ਜੇਲ੍ਹਾਂ ਵਿਚ ਭੀੜ ਘੱਟ ਕਰਨ ਲਈ ਕਰੀਬ ਪੰਜਾਹ ਫੀਸਦੀ ਕੈਦੀਆਂ ਨੂੰ ਅਸਥਾਈ ਤੌਰ 'ਤੇ ਛੱਡਣ ਦਾ ਫੈਸਲਾ ਲਿਆ ਸੀ। ਗ੍ਰਹਿ ਮੰਤਰੀ ਦੇਸ਼ਮੁਖ ਨੇ ਟਵਿੱਟਰ 'ਤੇ ਵੀਡੀਓ ਸੰਦੇਸ਼ ਵਿੱਚ ਕਿਹਾ ਹੈ ਕਿ ਆਰਥਰ ਰੋਡ ਜੇਲ੍ਹ ਵਿੱਚ ਇਨਫੈਕਟਿਡ ਪਾਏ ਗਏ 185 ਕੈਦੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਦੂਸਰੀਆਂ ਜੇਲ੍ਹਾਂ ਵਿੱਚ ਇਨਫੈਕਸ਼ਨ ਫੈਲਣ ਤੋਂ ਰੋਕਣ ਲਈ 17000 ਕੈਦੀਆਂ ਨੂੰ ਅਸਥਾਈ ਪੈਰੋਲ 'ਤੇ ਛੱਡਣ ਦਾ ਫੈਸਲਾ ਲਿਆ ਹੈ। ਉਨ੍ਹਾਂ ਨੇ ਕਿਹਾ ਕਿ 3000 ਅਤੇ 9000 ਕੈਦੀ ਲਗਾਤਾਰ ਸੱਤ ਸਾਲ ਅਤੇ ਇਸ ਤੋਂ ਵੱਧ ਦੀ ਸਜ਼ਾ ਭੁਗਤ ਰਹੇ ਹਨ, ਉਨ੍ਹਾਂ ਨੂੰ ਵੀ ਛੱਡਿਆ ਜਾਏਗਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਬਲਾਤਕਾਰ, ਵੱਡੇ ਆਰਥਿਕ ਤੇ ਬੈਂਕ ਘੋਟਾਲੇ, ਮਕੋਕਾ, ਟਾਡਾ ਅਤੇ ਹੋਰ ਗੰਭੀਰ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਗਏ ਕੈਦੀਆਂ ਨੂੰ ਰਿਹਾਅ ਨਹੀਂ ਕੀਤਾ ਜਾਏਗਾ।

### ਕਰਣ ਅਵਤਾਰ ਸਿੰਘ ਨੂੰ ਝਟਕਾ

## ਮੁੱਖ ਮੰਤਰੀ ਨੇ ਐਕਸਾਈਜ਼ ਤੇ ਟੈਕਸੇਸ਼ਨ ਦਾ ਵਿਭਾਗ ਖੋਹ ਲਿਆ





ਚੰਡੀਗੜ੍ਹ, 13 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਚੀਫ ਸੈਕਟਰੀ ਕਰਣ ਅਵਤਾਰ ਸਿੰਘ ਤੋਂ ਐਕਸਾਈਜ਼ ਅਤੇ ਟੈਕਸੇਸ਼ਨ ਵਿਭਾਗ ਵਾਪਸ ਲੈ ਲਿਆ ਹੈ। ਇਸ ਦੇ ਬਾਅਦ ਏ ਵੇਣੂਪ੍ਰਸਾਦ ਇਸ ਵਿਭਾਗ ਦੇ ਨਵੇਂ ਮੁਖੀ ਬਣਾਏ ਗਏ। ਵੇਣੂਪ੍ਰਸਾਦ ਇਸ ਵਕਤ 20 ਮਈ ਤੱਕ ਛੁੱਟੀ 'ਤੇ ਹਨ, ਇਸ ਲਈ ਉਨ੍ਹਾਂ ਦਾ ਚਾਰਜ ਹਾਲ ਦੀ ਘੜੀ ਪ੍ਰਿੰਸੀਪਲ ਸੈਕਟਰੀ (ਫਾਈਨੈਂਸ) ਅਨਿਰੁੱਧ ਤਿਵਾੜੀ ਨੂੰ ਦੇ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਪਿਛਲੇ ਸੋਮਵਾਰ ਕੈਬਨਿਟ ਦੀ ਮੀਟਿੰਗ ਵਿੱਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੁੱਖ ਮੰਤਰੀ ਨੂੰ ਸਾਫ ਕਹਿ ਦਿੱਤਾ ਸੀ ਕਿ ਉਹ ਚੀਫ ਸੈਕਟਰੀ ਕਰੁਣ ਅਵਤਾਰ ਸਿੰਘ ਨਾਲ ਕਿਸੇ ਵੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਣਗੇ। ਉਸ ਤੋਂ ਪਹਿਲਾਂ ਨੌਂ ਮਈ ਨੂੰ ਮੰਤਰੀਆਂ ਦੀ ਪ੍ਰੀ-ਕੈਬਨਿਟ ਮੀਟਿੰਗ ਦੌਰਾਨ ਚੀਫ ਸੈਕਟਰੀ ਤੇ ਵਿੱਤ ਮੰਤਰੀ ਵਿਚਾਲੇ ਬਹਿਸ ਹੋ ਗਈ ਸੀ, ਜਿਸ ਕਾਰਨ ਮਨਪ੍ਰੀਤ ਸਿੰਘ ਬਾਦਲ ਤੇ ਚਰਨਜੀਤ ਸਿੰਘ ਚੰਨੀ ਦੋਵੇਂ ਮੰਤਰੀ ਮੀਟਿੰਗ ਛੱਡ ਕੇ ਚਲੇ ਗਏ ਸਨ ਅਤੇ ਕਈ ਹੋਰ ਮੰਤਰੀਆਂ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ ਸੀ, ਜਿਨ੍ਹਾਂ 'ਚ ਸੁਖਜਿੰਦਰ ਸਿੰਘ ਰੰਧਾਵਾ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਟਵਿੱਟਰ 'ਤੇ ਚੀਫ ਸੈਕਟਰੀ ਉੱਤੇ ਕਈ ਗੰਭੀਰ ਦੋਸ਼ ਲਾਏ ਅਤੇ ਕਿਹਾ ਕਿ ਸੀ ਕਿ ਕਰਣ ਅਵਤਾਰ ਸਿੰਘ ਦਾ ਬੇਟਾ ਸ਼ਰਾਬ ਦਾ ਕਾਰੋਬਾਰ ਕਰਦਾ ਹੈ, ਇਸ ਲਈ ਇਹ ਵਿਭਾਗ ਚੀਫ ਸੈਕਟਰੀ ਨੂੰ ਦੇਣਾ ਕਨਫਲਿਕਟ ਆਫ ਇੰਟਰੈਸਟ ਦਾ ਗੰਭੀਰ ਮਾਮਲਾ ਹੈ। ਸਾਰੇ ਮੰਤਰੀ ਉਸ ਵਕਤ ਤੋਂ ਕਰਣ ਅਵਤਾਰ ਸਿੰਘ ਨੂੰ ਚੀਫ ਸੈਕਟਰੀ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕਰ ਰਹੇ ਹਨ। ਚੀਫ ਸੈਕਟਰੀ ਮੰਗਲਵਾਰ ਨੂੰ ਦਫਤਰ ਵਿੱਚ ਆਏ ਅਤੇ ਤਿੰਨ ਘੰਟੇ ਰਹਿ ਕੇ ਉਨ੍ਹਾਂ ਨੇ ਕੰਮ ਨਿਬੇੜ ਕੇ ਮੀਟਿੰਗ ਵੀ ਕੀਤੀ। ਉਨ੍ਹਾਂ ਤੋਂ ਵਿਭਾਗ ਵਾਪਸ ਲੈਣ ਤੋਂ ਸਾਫ ਹੈ ਕਿ ਸਰਕਾਰ ਉਨ੍ਹਾਂ ਨੂੰ ਮੰਤਰੀਆਂ ਦੇ ਦਬਾਅ ਦੇ ਬਾਵਜੂਦ ਚੀਫ ਸੈਕਟਰੀ ਰੱਖਣਾ ਚਾਹੁੰਦੀ ਹੈ।

## ਹਜ਼ੂਰ ਸਾਹਿਬ ਤੋਂ ਆਏ 26 ਯਾਤਰੀ ਕੋਰੋਨਾ ਨੂੰ ਹਰਾ ਕੇ ਘਰਾਂ ਨੂੰ ਗਏ

ਅੰਮ੍ਰਿਤਸਰ, 13 ਮਈ (ਪੋਸਟ ਬਿਊਰੋ)- ਤਖਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਤੋਂ ਪਰਤੇ ਜਿਹੜੇ ਸ਼ਰਧਾਲੂ ਕੋਰੋਨਾ ਟੈਸਟ ਵਿੱਚ ਪਾਜ਼ੇਟਿਵ ਆਉਣ ਕਾਰਨ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਦਾਖ਼ਲ ਸਨ, ਉਨ੍ਹਾਂ ਵਿੱਚੋਂ ਕੱਲ੍ਹ 26 ਜਣਿਆਂ ਦੇ ਟੈੱਸਟ ਨੈਗੇਟਿਵ ਆਉਣ ਪਿੱਛੋਂ ਉਹ ਆਪਣੇ ਘਰੀਂ ਚਲੇ ਗਏ ਹਨ। 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡ ਕੇ ਇਹ ਸ਼ਰਧਾਲੂ ਉਤਸ਼ਾਹ ਨਾਲ ਘਰਾਂ ਨੂੰ ਗਏ, ਜਿਸ ਨਾਲ ਹੋਰ ਮਰੀਜ਼ਾਂ ਨੂੰ ਵੀ ਹੌਸਲਾ ਮਿਲਿਆ ਹੈ।

ਵਰਨਣ ਯੋਗ ਹੈ ਕਿ ਇਹ ਸਾਰੇ ਸ਼ਰਧਾਲੂ ਪਹਿਲੇ ਦਿਨੋਂ ਹੀ ਚੜ੍ਹਦੀ ਕਲਾ ਵਿੱਚ ਰਹੇ ਸਨ ਤੇ ਕਿਸੇ ਨੇ ਵੀ ਕੋਵਿਡ ਟੈਸਟ ਵਿੱਚ ਪਾਜ਼ੇਟਿਵ ਆਉਣ ਦੀ ਗੱਲ ਮਨ ਨੂੰ ਨਹੀਂ ਸੀ ਲਾਈ। ਇਨ੍ਹਾਂ ਦੇ ਲਗਾਤਾਰ ਦੋ ਟੈਸਟ ਨੈਗੇਟਿਵ ਆਉਣ ਦੇ ਬਾਅਦ ਕੱਲ੍ਹ ਇਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਇਨ੍ਹਾਂ ਵਿੱਚ ਬੱਚੇ, ਜਵਾਨ, ਬਜ਼ੁਰਗ ਅਤੇ ਔਰਤਾਂ ਸ਼ਾਮਲ ਹਨ। ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਇਹ ਸਾਰੇ ਸ਼ਰਧਾਲੂ 28 ਅਪ੍ਰੈਲ ਨੂੰ ਨਾਂਦੇੜ ਤੋਂ ਆਏ ਸਨ ਤੇ ਇਨ੍ਹਾਂ ਨੂੰ ਵੱਖ-ਵੱਖ ਥਾਈਂ ਇਕਾਂਤਵਸ ਕੀਤਾ ਗਿਆ ਸੀ। ਫਿਰ ਟੈਸਟ ਲੈਣ ਮਗਰੋਂ ਜਿੰਨਾ ਸ਼ਰਧਾਲੂਆਂ ਦੇ ਟੈਸਟ ਪਾਜ਼ੇਟਿਵ ਆਏ ਸਨ, ਉਨ੍ਹਾਂ ਨੂੰ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ ਸੀ। ਹਸਪਤਾਲ ਸਟਾਫ ਵੱਲੋਂ ਇਨ੍ਹਾਂ ਦੀ ਹਰ ਸੰਭਵ ਸਹਾਇਤਾ ਤੇ ਸੇਵਾ ਕੀਤੀ ਤੇ ਲੱਗਭਗ 12 ਦਿਨਾਂ ਵਿੱਚ ਇਨ੍ਹਾਂ ਦੇ ਦੋ ਟੈਸਟ ਨੈਗਟਿਵ ਆਉਣ ਪਿੱਛੋਂ ਕੱਲ੍ਹ ਇਨ੍ਹਾਂ ਵਿੱਚੋਂ 26 ਸ਼ਰਧਾਲੂ ਘਰਾਂ ਨੂੰ ਭੇਜ ਦਿੱਤਾ ਗਿਆ। ਉਨ੍ਹਾਂ ਨੇ ਹਸਪਤਾਲ ਸਟਾਫ ਵੱਲੋਂ ਦਿੱਤੀਆਂ ਸੇਵਾਵਾਂ ਲਈ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਘਰ ਜਾਣ ਦੀ ਖ਼ੁਸ਼ੀ ਵਿੱਚ ਇਨ੍ਹਾਂ ਸ਼ਰਧਾਲੂਆਂ ਨੇ ਹਸਪਤਾਲ ਦੇ ਸਟਾਫ, ਜਿਸ ਵਿੱਚ ਨਰਸਿੰਗ ਤੇ ਹੋਰ ਪੈਰਾ-ਮੈਡੀਕਲ ਸਟਾਫ ਸ਼ਾਮਲ ਸੀ, ਦੀ ਤਾਰੀਫ ਕਰਦੇ ਕਿਹਾ ਕਿ ਇਨ੍ਹਾਂ ਨੇ ਸਾਡੀ ਹਰ ਜ਼ਰੂਰਤ ਦਾ ਖ਼ਿਆਲ ਰੱਖਿਆ ਅਤੇ ਖਾਣ ਨੂੰ ਵੀ ਚੰਗਾ ਭੋਜਨ ਮਿਲਦਾ ਰਿਹਾ ਤੇ ਬੱਚਿਆਂ ਦੀਆਂ ਨਿੱਜੀ ਲੋੜਾਂ ਦੀ ਪੂਰਤੀ ਵੀ ਕਰਦੇ ਰਹੇ ਸਨ। ਇਨ੍ਹਾਂ ਸ਼ਰਧਾਲੂਆਂ ਨੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦਾ ਵੀ ਧੰਨਵਾਦ ਕੀਤਾ ਕਿ ਉਨ੍ਹਾ ਦੀਆਂ ਕੋਸ਼ਿਸ਼ਾਂ ਸਦਕਾ ਅਸੀਂ ਮਹਾਰਾਸ਼ਟਰ ਤੋਂ ਪੰਜਾਬ ਆ ਸਕੇ ਅਤੇ ਉਨ੍ਹਾਂ ਦੇ ਯਤਨਾਂ ਨਾਲ ਸਾਡਾ ਇਲਾਜ ਹੋ ਸਕਿਆ ਹੈ।

## ਕੇਂਦਰ ਨੇ ਏਅਰਲਾਈਨਾਂ ਨੂੰ ਕਿਹਾ, 80 ਸਾਲ ਤੋਂ ਵੱਧ ਉਮਰ ਵਾਲਿਆਂ ਨੂੰ ਯਾਤਰਾ ਨਾ ਕਰਾਉ




ਨਵੀਂ ਦਿੱਲੀ, 13 ਮਈ (ਪੋਸਟ ਬਿਊਰੋ)- ਭਾਰਤ ਵਿੱਚ ਲਾਕਡਾਊਨ ਖਤਮ ਹੋਣ ਦੇ ਬਾਅਦ ਉਡਾਣਾਂ ਸ਼ੁਰੂ ਕਰਨ ਲਈ ਤਿਆਰੀਆਂ ਹੋ ਰਹੀਆਂ ਹਨ, ਪਰ ਇਸ ਦੌਰਾਨ ਜਦੋਂ ਉਡਾਣਾਂ ਸ਼ੁਰੂ ਹੋਣਗੀਆਂ ਤਾਂ ਯਾਤਰੀਆਂ ਤੇ ਏਅਰਲਾਈਨਾਂ ਨੂੰ ਕੁਝ ਸਾਵਧਾਨੀਆਂ ਵਰਤਣ ਬਾਰੇ ਹਦਾਇਤਾਂ ਜਾਰੀ ਹੋਣ ਦਾ ਪਤਾ ਲੱਗਾ ਹੈ।

ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਸਾਰੀਆਂ ਏਅਰਲਾਈਨਾਂ ਤੇ ਏਅਰਪੋਰਟ ਆਪਰੇਟਰਾਂ ਨੂੰ ਸਟੈਂਡਰਡ ਆਪਰੇਟਿੰਗ ਪ੍ਰੋਸੀਜਰ (ਐੱਸ ਓ ਪੀ) ਜਾਰੀ ਕੀਤਾ ਦੱਸਿਆ ਜਾਂਦਾ ਹੈ। ਇਸ ਐੱਸ ਓ ਪੀ ਦੇ ਮੁਤਾਬਕ ਕੇਂਦਰ ਨੇ ਏਅਰਲਾਈਨਾਂ ਨੂੰ ਕਿਹਾ ਹੈ ਕਿ ਉਡਾਣਾਂ ਸ਼ੁਰੂ ਹੋਣ ਦੇ ਪਹਿਲੇ ਫੇਜ਼ ਵਿੱਚ ਅੱਸੀ ਸਾਲ ਤੋਂ ਵੱਧ ਉਮਰ ਦੇ ਵਿਅਕਤੀ ਨੂੰ ਯਾਤਰਾ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਏ। ਇਹ ਵੀ ਕਿਹਾ ਗਿਆ ਕਿ ਸ਼ੁਰੂ ਦੇ ਪੜਾਅ ਵਿੱਚ ਕੈਬਿਨ ਵਿੱਚ ਬੈਗ ਲੈ ਜਾਣ ਦੀ ਇਜਾਜ਼ਤ ਨਾ ਦਿੱਤੀ ਜਾਏ। ਜੇ ਕਿਸੇ ਯਾਤਰੀ ਜਾਂ ਸਟਾਫ ਵਿੱਚ ਕੋਈ ਲੱਛਣ ਦਿਖਾਈ ਦੇਂਦਾ ਹੈ ਅਤੇ ਆਰੋਗਿਆ ਸੇਤੂ ਐਪ ਉੱਤੇ ਗਰੀਨ ਸਿਗਨਲ ਨਹੀਂ ਆ ਰਿਹਾ ਤਾਂ ਅਜਿਹੇ ਵਿਅਕਤੀ ਨੂੰ ਏਅਰਪੋਰਟ ਟਰਮੀਨਲ ਬਿਲਡਿੰਗ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਏਗੀ। ਸ਼ਹਿਰੀ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਪਿਛਲੇ ਦਿਨੀਂ ਦੇਸ਼ ਵਿੱਚ ਜਲਦੀ ਉਡਾਣਾਂ ਸ਼ੁਰੂ ਕਰਨ ਦੀ ਗੱਲ ਕਹੀ ਸੀ। ਉਨ੍ਹਾਂ ਕਿਹਾ ਸੀ ਕਿ ਸੁਰੱਖਿਆ ਉਪਾਅ ਧਿਆਨ ਵਿੱਚ ਰੱਖ ਕੇ ਛੇਤੀ ਫਲਾਈਟ ਸੇਵਾ ਸ਼ੁਰੂ ਕੀਤੀ ਜਾ ਸਕਦੀ ਹੈ। ਇਸ ਦੇ ਲਈ ਗਾਈਡਲਾਈਨ ਤਿਆਰ ਕੀਤੀ ਜਾ ਰਹੀ ਹੈ ਅਤੇ ਮਾਹਰਾਂ ਦੀ ਰਾਏ ਲਈ ਜਾ ਰਹੀ ਹੈ ਤਾਂ ਕਿ ਫਲਾਈਟ ਸੇਵਾ ਸ਼ੁਰੂ ਹੋਣ ਦੇ ਬਾਅਦ ਇਨਫੈਕਸ਼ਨ ਜ਼ਿਆਦਾ ਨਾ ਫੈਲ ਸਕੇ।

ਇਸ ਸਮੇਂ ਕੋਰੋਨਾ ਦੇ ਕਾਰਨ ਵਿਦੇਸ਼ਾਂ ਵਿੱਚ ਫਸੇ ਭਾਰਤੀਆਂ ਦੀ ਵਤਨ ਵਾਪਸੀ ਦੇ ਲਈ ਮਿਸ਼ਨ ਵੰਦੇ ਮਾਤਰਾ ਚਲਾਇਆ ਜਾ ਰਿਹਾ ਹੈ। 13 ਮਈ ਨੂੰ ਇਸ ਦਾ ਪਹਿਲਾ ਪੜਾਅ ਪੂਰਾ ਹੋ ਰਿਹਾ ਹੈ। ਦੂਸਰਾ ਫੇਜ਼ 16 ਮਈ ਤੋਂ ਸ਼ੁਰੂ ਹੋਵੇਗਾ। ਇਹ ਫੇਜ ਸੱਤ ਦਿਨ ਯਾਨੀ 22 ਮਈ ਤੱਕ ਚੱਲੇਗਾ। ਇਸ ਦੌਰਾਨ 31 ਦੇਸ਼ਾਂ ਤੋਂ 149 ਉਡਾਣਾਂ ਆਉਣਗੀਆਂ। ਸਭ ਤੋਂ ਜ਼ਿਆਦਾ 13 ਉਡਾਣਾਂ ਅਮਰੀਕਾ ਤੋਂ ਆਉਣਗੀਆਂ।

## ਘਰੇਲੂ ਕਲੇਸ਼ ਤੋਂ ਤੰਗ ਪਤਨੀ ਨੇ ਜਲੰਧਰ ਅਤੇ ਪਤੀ ਵੱਲੋਂ ਫਿਲੌਰ ਵਿੱਚ ਖ਼ੁਦਕੁਸ਼ੀ



ਫਿਲੌਰ, 13 ਮਈ (ਪੋਸਟ ਬਿਊਰੋ)- ਜਲੰਧਰ ਦੇ ਥਾਣਾ ਇੱਕ ਹੇਠਲੀ ਫਰੈਂਡ ਕਾਲੋਨੀ ਵਿੱਚ ਆਪਣੇ ਪਤੀ ਤੇ ਦੋ ਬੱਚੀਆਂ ਨਾਲ ਰਹਿੰਦੀ ਔਰਤ ਨੇ ਘਰੇਲੂ ਕਲੇਸ਼ ਤੋਂ ਤੰਗ ਆ ਕੇ ਕੱਲ੍ਹ ਖ਼ੁਦਕੁਸ਼ੀ ਕਰ ਲਈ। ਮ੍ਰਿਤਕਾ ਦੀ ਪਛਾਣ ਆਸ਼ਿਮਾ ਪਤਨੀ ਵਿਕਾਸ ਰਾਣਾ ਵਾਸੀ ਰਈਆ ਹਾਲ ਵਾਸੀ ਫਰੈਂਡਜ਼ ਕਾਲੋਨੀ ਵਜੋਂ ਹੋਈ ਹੈ। ਮ੍ਰਿਤਕਾ ਦੇ ਪਿਤਾ ਰੂਪ ਲਾਲ ਕਾਲੀਆ ਦੇ ਬਿਆਨਾਂ ਉੱਤੇ ਪੁਲਸ ਨੇ ਮ੍ਰਿਤਕ ਦੇ ਪਤੀ ਖ਼ਿਲਾਫ਼ 306 ਦਾ ਕੇਸ ਦਰਜ ਕਰ ਜਾਂਚ ਸ਼ੁਰੂ ਕੀਤੀ ਤਾਂ ਖ਼ਬਰ ਆ ਗਈ ਕਿ ਮ੍ਰਿਤਕਾ ਦੇ ਪਤੀ ਨੇ ਵੀ ਫਿਲੌਰ ਵਿੱਚ ਗੱਡੀ ਥੱਲੇ ਆ ਕੇ ਖ਼ੁਦਕੁਸ਼ੀ ਕਰ ਲਈ ਹੈ।

ਇਸ ਬਾਰੇ ਮ੍ਰਿਤਕਾ ਦੇ ਪਿਤਾ ਰੂਪ ਲਾਲ ਕਾਲੀਆ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਬੇਟੀ ਆਸ਼ਿਮਾ ਦਾ ਵਿਆਹ 2008 'ਚ ਰਈਆ 'ਚ ਕੱਪੜੇ ਦੀ ਦੁਕਾਨ ਕਰਦੇ ਵਿਕਾਸ ਰਾਣਾ ਨਾਲ ਹੋਇਆ ਸੀ। ਉਸਦੀ ਬੇਟੀ ਦੀ ਜਲੰਧਰ 'ਚ ਇੱਕ ਨਿੱਜੀ ਕਾਲਜ 'ਚ ਲੈਕਚਰਾਰ ਦੀ ਨੌਕਰੀ ਲੱਗ ਗਈ, ਜਿਸ ਕਾਰਨ ਉਹ ਜਲੰਧਰ ਫਰੈਂਡਜ਼ ਕਾਲੋਨੀ 'ਚ ਰਹਿਣ ਲੱਗ ਗਏ। ਉਸ ਦਾ ਪਤੀ ਰੋਜ਼ਾਨਾ ਰਈਆ ਤੋਂ ਅੱਪ-ਡਾਊਨ ਕਰਦਾ ਸੀ। ਵਿਆਹ ਪਿੱਛੋਂ ਉਸ ਦੇ ਦੋ ਬੇਟੀਆਂ ਹੋਈਆਂ, ਜਿਨ੍ਹਾਂ ਦੀ ਸੰਭਾਲ ਲਈ ਉਸਨੇ ਇੱਕ ਸਾਲ ਪਹਿਲਾਂ ਨੌਕਰੀ ਛੱਡ ਦਿੱਤੀ। ਉਨ੍ਹਾ ਦੱਸਿਆ ਕਿ ਚਾਰ ਮਈ ਨੂੰ ਦੋਵੇਂ ਪਤੀ-ਪਤਨੀ ਅਤੇ ਬੱਚੇ ਰਈਆ ਆਏ ਤੇ 11 ਮਈ ਨੂੰ ਸ਼ਾਮ ਛੇ ਵਜੇ ਦੇ ਕਰੀਬ ਜਲੰਧਰ ਜਾਣ ਤੋਂ ਪਹਿਲਾਂ ਉਨ੍ਹਾਂ ਦੀ ਬੇਟੀ ਉਸ ਕੋਲ ਆਈ ਤੇ ਦੱਸਿਆ ਕਿ ਵਿਕਾਸ ਉਸ ਨੂੰ ਨੌਕਰੀ ਦੁਬਾਰਾ ਕਰਨ ਲਈ ਤੰਗ ਕਰ ਰਿਹਾ ਹੈ, ਪਰ ਮੈਂ ਬੇਟੀ ਨੂੰ ਸਮਝਾ ਕੇ ਉਸ ਨਾਲ ਭੇਜ ਦਿੱਤਾ। ਪਰ ਸ਼ਾਮ 7.30 ਵਜੇ ਦੇ ਕਰੀਬ ਆਸ਼ਿਮਾ ਦੇ ਦਿਉਰ ਦਾ ਫ਼ੋਨ ਆਇਆ ਕਿ ਆਸ਼ਿਮਾ ਤੇ ਉਸ ਦੇ ਪਤੀ ਦਾ ਝਗੜਾ ਹੋ ਗਿਆ ਹੈ ਅਤੇ ਜਲੰਧਰ ਜਾਣਾ ਹੈ। ਜਦ ਉਹ ਜਲੰਧਰ ਆਏ ਤਾਂ ਉਨ੍ਹਾਂ ਨੂੰ ਨਿੱਜੀ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਦੱਸਿਆ ਕਿ ਫਾਹਾ ਲੈਣ ਕਾਰਨ ਆਸ਼ਿਮਾ ਦੀ ਮੌਤ ਹੋ ਚੁੱਕੀ ਹੈ। ਪੁਲਸ ਨੇ ਇਸ ਬਿਆਨ ਉੱਤੇ ਆਸ਼ਿਮਾ ਦੇ ਪਤੀ ਵਿਕਾਸ ਰਾਣਾ ਦੇ ਖ਼ਿਲਾਫ਼ ਦਰਜ ਕਰ ਜਾਂਚ ਸ਼ੁਰੂ ਕੀਤੀ ਤਾਂ ਸ਼ਾਮ ਤੱਕ ਪੁਲਸ ਨੂੰ ਫਿਲੌਰ ਤੋਂ ਵਿਕਾਸ ਰਾਣਾ ਦੇ ਗੱਡੀ ਥੱਲੇ ਆ ਕੇ ਖ਼ੁਦਕੁਸ਼ੀ ਕਰਨ ਦੀ ਖ਼ਬਰ ਆ ਗਈ।

## ਕੇਸ ਦਰਜ ਹੋਣ ਤੋਂ ਪਿੱਛੋਂ ਅਧਿਕਾਰੀ ਨੇ ਖ਼ੁਦਕੁਸ਼ੀ ਕਰ ਲਈ

ਬਟਾਲਾ, 13 ਮਈ (ਪੋਸਟ ਬਿਊਰੋ)- ਕੱਲ੍ਹ ਰਾਤ ਖੁਰਾਕ ਅਤੇ ਸਪਲਾਈ ਵਿਭਾਗ ਗੁਰਦਾਸਪੁਰ ਦੇ ਅਧਿਕਾਰੀਆਂ ਨਾਲ ਹੋਈ ਤਕਰਾਰ ਪਿੱਛੋਂ ਖ਼ੁਦਕੁਸ਼ੀ ਕਰਨ ਵਾਲੇ ਵੇਰਕਾ ਮਿਲਕ ਪਲਾਂਟ ਗੁਰਦਾਸਪੁਰ ਦੇ ਡਾਇਰੈਕਟਰ ਸਰਵਣ ਸਿੰਘ ਵਾਸੀ ਕਾਦੀਆਂ ਰਾਜਪੂਤਾਂ ਦੀ ਪਤਨੀ ਹਰਜੀਤ ਕੌਰ ਦੇ ਬਿਆਨਾਂ 'ਤੇ ਕਾਰਵਾਈ ਕੀਤੀ ਗਈ ਹੈ।

ਇਸ ਬਾਰੇ ਥਾਣਾ ਘਣੀਏ ਕੇ ਬਾਂਗਰ ਦੇ ਏ ਐਸ ਆਈ ਪਰਮਿੰਦਰ ਸਿੰਘ ਨੇ ਦੱਸਿਆ ਕਿ ਅਗਲੀ ਕਾਨੂੰਨੀ ਕਾਰਵਾਈ ਪੋਸਟ ਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਕੀਤੀ ਜਾਵੇਗੀ। ਵਰਨਣ ਯੋਗ ਹੈ ਕਿ ਕੱਲ੍ਹ ਸ਼ਾਮ ਖ਼ੁਰਾਕ ਤੇ ਸਪਲਾਈ ਵਿਭਾਗ ਗੁਰਦਾਸਪੁਰ ਦੇ ਅਧਿਕਾਰੀਆਂ ਦੀ ਇੱਕ ਟੀਮ ਨੇ ਕਣਕ ਦੇ ਗੋਦਾਮਾਂ ਵਿੱਚ ਸਾਂਭ-ਸੰਭਾਲ ਕਰਨ ਦਾ ਨਿਰੀਖਣ ਕੀਤਾ ਤਾਂ ਇਸੇ ਦੌਰਾਨ ਸਰਵਣ ਸਿੰਘ ਆਪਣੇ ਲੜਕੇ ਨਾਲ ਇੱਕ ਕਾਰ ਵਿੱਚ ਸਵਾਰ ਹੋ ਕੇ ਓਥੋਂ ਲੰਘ ਰਿਹਾ ਸੀ ਅਤੇ ਰਸਤੇ ਬਾਰੇ ਦੋਵਾਂ ਧਿਰਾਂ ਦਾ ਤਕਰਾਰ ਹੋ ਕੇ ਹੱਥੋਪਾਈ ਹੋਈ ਸੀ। ਇਸ ਤੋਂ ਬਾਅਦ ਖ਼ੁਰਾਕ ਅਤੇ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੇ ਥਾਣਾ ਸਦਰ ਵਿੱਚ ਮ੍ਰਿਤਕ ਸਰਵਣ ਸਿੰਘ ਅਤੇ ਉਸ ਦੇ ਲੜਕੇ ਖ਼ਿਲਾਫ਼ ਕੇਸ ਦਰਜ ਕਰਵਾ ਦਿੱਤਾ ਸੀ, ਪਰ ਘਰ ਜਾ ਕੇ ਸਰਵਣ ਸਿੰਘ ਨੇ ਕੋਈ ਜ਼ਹਿਰੀਲ ਚੀਜ਼ ਖਾ ਲਈ। ਮ੍ਰਿਤਕ ਦੇ ਭਰਾ ਮੁਖਬੈਨ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਨੇ ਆਪਣੇ ਨਾਲ ਹੋਈ ਬੇਇਨਸਾਫੀ ਕਾਰਨ ਸਦਮੇ ਵਿੱਚ ਖ਼ੁਦਕੁਸ਼ੀ ਕੀਤੀ ਹੈ।

## ਗੁਜਰਾਤ ਵਿੱਚ ਭਾਜਪਾ ਮੰਤਰੀ ਦੀ ਚੋਣ ਹਾਈ ਕੋਰਟ ਵੱਲੋਂ ਰੱਦ

ਅਹਿਮਦਾਬਾਦ, 13 ਮਈ (ਪੋਸਟ ਬਿਊਰੋ)- ਭਾਜਪਾ ਵਿਧਾਇਕ ਤੇ ਗੁਜਰਾਤ ਰਾਜ ਦੇ ਸਿਖਿਆ ਮੰਤਰੀ ਭੁਪਿੰਦਰ ਸਿੰਘ ਚੂੜਾਸਮਾ ਦੀ ਅਹਿਮਦਾਬਾਦ ਜ਼ਿਲੇ ਦੀ ਧੋਲਕਾ ਸੀਟ 'ਤੇ ਚੋਣ ਜਿੱਤ ਨੂੰ ਗੁਜਰਾਤ ਹਾਈ ਕੋਰਟ ਨੇ ਕੱਲ੍ਹ ਰੱਦ ਕਰ ਦਿੱਤਾ ਹੈ। ਕਾਫੀ ਰਸੂਖਦਾਰ ਆਗੂ ਮੰਨੇ ਜਾਣ ਵਾਲੇ ਚੂੜਾਸਮਾ ਨੇ 2017 ਵਿੱਚ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੇ ਅਸ਼ਵਿਨ ਰਾਠੌੜ ਨੂੰ ਸਿਰਫ 327 ਵੋਟਾਂ ਨਾਲ ਹਰਾਇਆ ਸੀ। ਪਤਾ ਲੱਗਾ ਹੈ ਕਿ ਓਦੋਂ ਵੋਟਿੰਗ ਵਿੱਚ ਚੋਣ ਅਧਿਕਾਰੀ ਨੇ 429 ਡਾਕ ਰਾਹੀਂ ਆਈਆਂ ਵੋਟਾਂ ਨੂੰ ਰੱਦ ਕਰ ਦਿੱਤਾ ਸੀ। ਕਾਂਗਰਸ ਉਮੀਦਵਾਰ ਅਸ਼ਵਿਨ ਰਾਠੌੜ ਉਸ ਨੂੰ ਚੁਣੌਤੀ ਦਿੰਦੇ ਹੋਏ ਅਦਾਲਤ ਪਹੁੰਚੇ ਸਨ ਅਤੇ ਹਾਈ ਕੋਰਟ ਨੇ ਫਰਵਰੀ ਵਿੱਚ ਹੀ ਸੁਣਾਈ ਪੂਰੀ ਕਰ ਲਈ ਸੀ। ਉਨ੍ਹਾਂ ਨੇ ਮੰਗਲਵਾਰ ਨੂੰ ਫੈਸਲਾ ਸੁਣਾਉਂਦੇ ਹੋਏ ਚੂੜਾਸਮਾ ਦੀ ਚੋਣ ਨੂੰ ਰੱਦ ਕਰ ਦਿੱਤਾ। ਚੂੜਾਸਮਾ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਸਕਦੇ ਹਨ। ਇਸ ਕੇਸੇ ਦੀ ਸੁਣਵਾਈ ਦੇ ਦੌਰਾਨ ਵੋਟਿੰਗ ਦੇ ਸੀ ਸੀ ਟੀ ਵੀ ਫੁਟੇਜ ਵਿੱਚ ਚੂੜਾਸਮਾ ਦੇ ਨਿੱਜੀ ਸਕੱਤਰ ਨੂੰ ਵੋਟਿੰਗ ਕੇਂਦਰ ਵਿੱਚ ਮੋਬਾਈਲ ਫੋਨ 'ਤੇ ਗੱਲ ਕਰਦੇ ਦੇਖਿਆ ਗਿਆ ਸੀ ਅਤੇ ਚੋਣ ਅਧਿਕਾਰੀ ਨੂੰ ਵੀ ਉਨ੍ਹਾਂ ਦੇ ਵਤੀਰੇ ਲਈ ਫਿਟਕਾਰ ਲਾਈ ਗਈ ਹੈ।

## 50 ਦਿਨ ਰੁਕੇ ਰਹਿਣ ਪਿੱਛੋਂ ਭਾਰਤ ਵਿੱਚ ਟਰੇਨਾਂ ਫਿਰ ਦੌੜੀਆਂ

ਨਵੀਂ ਦਿੱਲੀ, 13 ਮਈ (ਪੋਸਟ ਬਿਊਰੋ)- ਲਾਕਡਾਊਨ ਕਾਰਨ ਲਗੱਭਗ 50 ਦਿਨਾਂ ਤੱਕ ਯਾਤਰੀ ਰੇਲ ਸੇਵਾਵਾਂ ਬੰਦ ਰਹਿਣ ਤੋਂ ਬਾਅਦ ਭਾਰਤ ਦੀ ਰਾਸ਼ਟਰੀ ਰਾਜਧਾਨੀ ਤੋਂ ਬਹੁਤ ਸਾਰੇ ਲੋਕ ਦੇਸ਼ ਦੇ ਵੱਖ-ਵੱਖ ਭਾਗਾਂ 'ਚ ਆਪਣੀ ਮੰਜ਼ਿਲ ਤੱਕ ਪਹੁੰਚਣ ਲੱਗੇ ਹਨ। ਰੇਲਵੇ ਨੇ ਕੱਲ੍ਹ ਚੋਣਵੇਂ ਮਾਰਗਾਂ 'ਤੇ ਰੇਲ ਸੇਵਾਵਾਂ ਬਹਾਲ ਕਰ ਦਿੱਤੀਆਂ ਹਨ।

ਕੱਲ੍ਹ ਤਿੰਨ ਵਿਸ਼ੇਸ਼ ਏਅਰ ਕੰਡੀਸ਼ਡ ਰੇਲ ਗੱਡੀਆਂ ਤੋਂ ਨਵੀਂ ਦਿੱਲੀ ਸਟੇਸ਼ਨ ਤੋਂ ਛੱਤੀਸਗੜ ਦੇ ਬਿਲਾਸਪੁਰ ਅਤੇ, ਅਸਮ ਦੇ ਡਿਬਰੂਗੜ ਦੇ ਨਾਲ ਕਰਨ-ਾਟਕ ਦੇ ਬੈਂਗਲੁਰੂ ਲਈ ਗੱਡੀ ਰਵਾਨਾ ਹੋਈ ਹੈ। ਇਨ੍ਹਾਂ ਯਾਤਰੀਆਂ ਲਈ ਆਰੋਗਿਆ ਸੇਤੂ ਐਪ ਆਪਣੇ ਮੋਬਾਈਲ ਫੋਨ ਉੱਤੇ ਡਾਊਨਲੋਡ ਕਰਨਾ ਜ਼ਰੂਰੀ ਹੈ। ਸਾਰੇ ਯਾਤਰੀਆਂ ਨੂੰ ਨਵੀਂ ਦਿੱਲੀ ਸਟੇਸ਼ਨ ਉੱਤੇ ਪਹਾੜਗੰਜ ਵੱਲੋਂ ਦਾਖਲਾ ਦਿੱਤਾ ਗਿਆ ਅਤੇ ਕਿਸੇ ਵੀ ਯਾਤਰੀ ਨੂੰ ਅਜਮੇਰੀ ਗੇਟ ਵੱਲੋਂ ਵੜਨ ਦੀ ਆਗਿਆ ਨਹੀਂ ਦਿੱਤੀ ਗਈ। ਯਾਤਰੀਆਂ ਨੂੰ ਰੇਲ ਗੱਡੀਆਂ ਦੇ ਚੱਲਣ ਤੋਂ ਘੱਟੋ-ਘੱਟ ਡੇਢ ਘੰਟਾ ਪਹਿਲਾਂ ਰੇਲਵੇ ਸਟੇਸ਼ਨ ਪੁੱਜਣ ਨੂੰ ਕਿਹਾ ਗਿਆ ਅਤੇ ਹਰ ਯਾਤਰੀ ਦੀ ਥਰਮਲ ਸਕਰੀਨਿੰਗ ਕੀਤੀ ਗਈ। ਐਂਟਰੀ ਗੇਟ



ਉੱਤੇ ਸੈਨੇਟਾਈਜ਼ਰ ਮਸ਼ੀਨ ਲਾਈ ਗਈ ਹੈ ਤਾਂ ਕਿ ਯਾਤਰੀ ਸਟੇਸ਼ਨ ਵਿੱਚ ਜਾਣ ਤੋਂ ਪਹਿਲਾਂ ਆਪਣੇ ਹੱਥ ਸਾਫ ਕਰ ਲੈਣ। ਰੇਲਵੇ ਨੇ ਦੱਸਿਆ ਕਿ ਦਿੱਲੀ ਲਈ ਪੰਜ ਹੋਰ ਰੇਲ ਗੱਡੀਆਂ ਪਟਨਾ, ਬੈਂਗਲੁਰੂ, ਹਾਵੜਾ, ਮੁੰਬਈ ਤੇ ਅਹਿ-ਮਦਾਬਾਦ ਤੋਂ ਰਵਾਨਾ ਹੋਈਆਂ। ਪੂਰੇ ਨਿਰਦੇਸ਼ਾਂ ਤੇ ਨਿਯਮਾਂ ਅਨੁਸਾਰ ਤਿੰਨ ਟਰੇਨਾਂ ਨਵੀਂ ਦਿੱਲੀ ਸਟੇਸ਼ਨ ਤੋਂ ਰਵਾਨਾ ਹੋਈਆਂ। ਵਿਸ਼ੇਸ਼ ਟਰੇਨਾਂ ਦੇ ਰਵਾਨਾ ਹੋਣ ਤੋਂ ਕੁਝ ਘੰਟੇ ਪਹਿਲਾਂ ਰੇਲਵੇ ਨੇ ਦੱਸਿਆ ਕਿ ਇਨ੍ਹਾਂ ਟਰੇਨਾਂ ਲਈ ਅਜੇ ਤੱਕ 80 ਹਜ਼ਾਰ ਤੋਂ ਵੱਧ ਯਾਤਰੀਆਂ ਨੇ 16.15 ਕਰੋੜ ਰੁਪਏ ਦੀਆਂ 45,000 ਤੋਂ ਵੱਧ ਟਿਕਟਾਂ ਬੁੱਕ ਕੀਤੀਆਂ ਹਨ ਅਤੇ ਕਰੀਬ 82,317 ਲੋਕ ਯਾਤਰਾ ਕਰ ਰਹੇ ਹਨ।

ਇਹ ਵੀ ਪਤਾ ਲੱਗਾ ਹੈ ਕਿ ਇੱਕ ਮਈ ਤੋਂ ਅੱਜ ਤੱਕ 542 ਮਜ਼ਦੂਰ ਸਪੈਸ਼ਲ ਟਰੇਨਾਂ ਚਲੀਆਂ ਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ 6.48 ਲੱਖ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਘਰ ਪਹੁੰਚਾਇਆ ਗਿਆ ਹੈ।

# ਹੋ ਸਕਦੈ ਕੋਰੋਨਾ ਦੀ ਵੈਕਸੀਨ ਕਦੀ ਨਾ ਆਵੇ: ਬੋਰਿਸ ਜੌਹਸਨ

ਲੰਡਨ, 13 ਮਈ (ਪੋਸਟ ਬਿਊਰੋ)- ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੋਨਸਨ ਨੇ ਚਿਤਾਵਨੀ ਦਿੱਤੀ ਹੈ ਕਿ ਕੋਰੋਨਾ ਦਾ ਟੀਕਾ ਬਣਾਉਣ 'ਚ ਸਾਲ ਤੋਂ ਵੱਧ ਸਮਾਂ ਲੱਗ ਸਕਦਾ ਹੈ ਤੇ ਇਹ ਵੀ ਹੋ ਸਕਦਾ ਹੈ ਕਿ ਇਸ ਦਾ ਟੀਕਾ ਕਦੀ ਨਾ ਬਣੇ। ਵਰਨਣ ਯੋਗ ਹੈ ਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਨੇ ਕੋਰੋਨਾ ਵਾਇਰਸ ਦੇ ਪ੍ਰਸਾਰ ਕੰਟਰੋਲ ਕਰਨ ਤੇ ਲਾਕਡਾਊਨ 'ਚ ਪੜਾਅਵਾਰ ਤਰੀਕੇ ਨਾਲ ਦਿੱਤੀ ਜਾਣ ਵਾਲੀ ਛੋਟ ਬਾਰੇ 50 ਸਫਿਆਂ ਦੀ ਗਾਈਡ ਲਾਈਨ ਪੇਸ਼ ਕੀਤੀ ਹੈ। ਇਸ ਤਹਿਤ ਸੋਸ਼ਲ ਡਿਸਟੈਂਸਿੰਗ ਦਾ ਧਿਆਨ ਰੱਖ ਕੇ ਹੌਲੀ-ਹੌਲੀ ਕਾਰੋਬਾਰਾਂ ਨੂੰ ਫਿਰ ਸ਼ੁਰੂ ਕਰਨ ਦੀ



ਯੋਜਨਾ ਹੈ। ਟੀਕਾ ਬਣਾਉਣ ਬਾਰੇ ਆਕਸਫੋਰਡ ਯੂਨੀਵਰਸਿਟੀ ਤੇ ਇੰਪੀਰੀਅਲ ਕਾਲਜ ਲੰਡਨ ਦੇ ਵਿਗਿਆਨੀ ਕੰਮ ਕਰ ਰਹੇ ਹਨ।

ਇਸ ਸੰਬੰਧ ਵਿੱਚ ਬੋਰਿਸ ਜੌਨਸਨ ਨੇ ਕਿਹਾ ਕਿ ਮਾਸ ਵੈਕਸੀਨ ਜਾਂ ਇਲਾਜ ਵਿੱਚ ਇੱਕ ਸਾਲ ਤੋਂ ਵੱਧ ਦਾ ਸਮਾਂ ਲੱਗ ਸਕਦਾ ਹੈ। ਉਨ੍ਹਾ ਕਿਹਾ ਕਿ ਸਭ ਤੋਂ ਖਰਾਬ ਹਾਲਤ ਇਹ ਹੋ ਸਕਦੀ ਹੈ ਕਿ ਅਸੀਂ ਵੈਕਸੀਨ ਬਣਾਉਣ ਵਿੱਚ ਕਦੀ ਸਫਲ ਨਾ ਹੋਈਏ। ਇਸ ਹਾਲਤ 'ਚ ਸਾਡੀ ਯੋਜਨਾ ਇਹ ਹੋਣੀ ਚਾਹੀਦੀ ਹੈ ਕਿ ਮਹਾਮਾਰੀ ਮੁੜ ਨਾ ਫੈਲੇ। ਜੌਨਸਨ ਨੇ ਮੰਨਿਆ ਕਿ ਵੈਕਸੀਨ ਜਾਂ ਡਰੱਗ ਆਧਾਰਤ ਇਲਾਜ ਇੱਕੋ-ਇੱਕ ਸੰਭਵ ਲੰਬੇ ਸਮੇਂ ਦਾ ਹੱਲ ਹੈ। ਉਨ੍ਹਾਂ ਕਿਹਾ ਕਿ ਬ੍ਰਿਟੇਨ 'ਚ ਵੈਕਸੀਨ ਵਿਕਾਸ ਪ੍ਰੋਗਰਾਮਾਂ ਤੇ ਆਕਸਫੋਰਡ ਯੂਨੀਵਰਸਿਟੀ ਤੇ ਫਾਰਮਾ ਪ੍ਰਮੁੱਖ ਐਸਟ੍ਰੋਜੇਨੇਕਾ ਦਾ ਸਹਿਯੋਗ ਇੱਕ ਵੱਡਾ ਕਦਮ ਹੈ, ਜਿਹੜਾ ਕੋਰੋਨਾ ਦੀ ਵੈਕਸੀਨ ਨੂੰ ਬਣਾਉਣ 'ਚ ਤੇਜ਼ੀ ਨਾਲ ਮਦਦ ਕਰ ਸਕਦਾ ਹੈ।

# ਸੰਕਟ ਵਿਚਾਲੇ ਚੋਣ ਮੁਹਿੰਮ ਲਈ ਟਰੰਪ ਤੇ ਬਿਡੇਨ ਨੇ ਕਰੋੜਾਂ ਦਾ ਚੰਦਾ ਇਕੱਠਾ ਕੀਤਾ

ਵਾਸ਼ਿੰਗਟਨ, 13 ਮਈ (ਪੋਸਟ ਬਿਊਰੋ)- ਕੋਰੋਨਾ ਸੰਕਟ ਵਿਚਾਲੇ ਅਮਰੀਕਾ 'ਚ ਪਾਰਟੀਆਂ ਰਾਸ਼ਟਰਪਤੀ ਚੋਣਾਂ ਦੀਆਂ ਤਿਆਰੀਆਂ ਵਿੱਚ ਲੱਗੀਆਂ ਹੋਈਆਂ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਚੋਣ ਮੁਹਿੰਮ ਦੇ ਲਈ ਅਪ੍ਰੈਲ ਵਿੱਚ ਰਿਕਾਰਡ 6.17 ਕਰੋੜ ਯੂ ਐਸ ਡਾਲਰ ਅਤੇ ਉਨ੍ਹਾਂ ਦੇ ਵਿਰੋਧੀ ਡੈਮੋਕ੍ਰੇਟਿਕ ਜੋ ਬਿਡੇਨ ਨੇ 6.05 ਕਰੋੜ ਯੂ ਐਸ ਡਾਲਰ ਦਾ ਚੰਦਾ ਇਕੱਠਾ ਕੀਤਾ ਹੈ। ਰੀਪਬਲਿਕਨ ਨੈਸ਼ਨਲ ਕਮੇਟੀ (ਆਰ ਐਨ ਸੀ) ਨੇ ਦੱਸਿਆ ਹੈ ਕਿ ਅੱਜ ਤੱਕ ਟਰੰਪ ਦੀ ਮੁਹਿੰਮ ਲਈ 74.2 ਕਰੋੜ ਡਾਲਰ ਤੋਂ ਵੱਧ ਦੀ ਰਕਮ ਜੋੜੀ ਜਾ ਚੁੱਕੀ ਹੈ। ਇਹ ਓਬਾਮਾ ਦੀ



ਦੂਜੀ ਚੋਣ ਮੁਹਿੰਮ ਲਈ ਇਸ ਸਮੇਂ ਵਿੱਚ ਜੋੜੀ ਗਈ ਧਨਰਾਸ਼ੀ 28.8 ਕਰੋੜ ਡਾਲਰ ਤੋਂ ਕਿਤੇ ਵੱਧ ਹੈ।

ਰੀਪਬਲਿਕਨ ਸਾਂਝੀ ਦੌਲਤ ਇਕੱਠੀ ਕਰਨ ਵਾਲੀ ਕਮੇਟੀ ਕੋਲ ਫਿਲਹਾਲ 25.5 ਕਰੋੜ ਡਾਲਰ ਹਨ। ਉਥੇ ਜੋਅ ਬਿਡੇਨ ਦੀ ਮੁਹਿੰਮ ਲਈ ਪ੍ਰਤੀ ਵਿਅਕਤੀ ਔਸਤ ਆਨਲਾਈਨ ਚੰਦਾ 32.63 ਡਾਲਰ ਹੈ, ਜੋ ਉਨ੍ਹਾਂ ਦੀ ਜ਼ਮੀਨੀ ਪਕੜ ਨੂੰ ਦਿਖਾ ਰਿਹਾ ਹੈ। ਰਾਸ਼ਟਰਪਤੀ ਟਰੰਪ ਚੋਣਾਂ ਵਿੱਚ ਦੁਬਾਰਾ ਚੁਣੇ ਜਾਣ ਲਈ ਲੜ ਰਹੇ ਹਨ। ਸਾਬਕਾ ਉਪ ਰਾਸ਼ਟਰਪਤੀ ਬਿਡੇਨ ਰਾਸ਼ਟਰਪਤੀ ਚੁਣੇ ਜਾਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਬਿਡੇਨ (77) ਨੂੰ ਅਗਸਤ ਵਿੱਚ ਵਿਸਕਾਨਸਿਨ ਵਿੱਚ ਡੈਮੋਕ੍ਰੇਟਿਕ ਨੈਸ਼ਨਲ ਕਨਵੈਂਸ਼ਨ ਵੱਲੋਂ ਰਸਮੀ ਤੌਰ 'ਤੇ ਨਾਮਜ਼ਦ ਕੀਤੇ ਜਾਣ ਦੀ ਸੰਭਾਵਨਾ ਹੈ। ਕੋਰੋਨਾ ਕਾਰਨ ਅਮਰੀਕੀ ਅਰਥ ਵਿਵਸਥਾ ਲੀਹੋ ਲੱਥੀ ਹੋਈ ਹੈ ਤੇ 3.3 ਕਰੋੜ ਤੋਂ ਵੱਧ ਲੋਕ ਆਪਣੀ ਨੌਕਰੀ ਗਵਾ ਚੁੱਕੇ ਹਨ। ਉਦਯੋਗ-ਕਾਰੋਬਾਰ ਠੱਪ ਪਏ ਹਨ ਅਤੇ ਟ੍ਰੈਵਲ ਤੇ ਸੈਰ ਸਪਾਟਾ ਉਦਯੋਗ ਤਬਾਹ ਹੋ ਚੁੱਕਾ ਹੈ। ਹਾਲਤ ਇਹ ਹੈ ਕਿ ਕੌਮਾਂਤਰੀ ਮੁਦਰਾ ਫੰਡ ਯਾਨੀ ਆਈ ਐਮ ਐਫ ਅਤੇ ਵਿਸ਼ਵ ਬੈਂਕ ਨੇ ਅਮਰੀਕਾ ਲਈ ਨਾਂ ਪੱਖੀ ਵਿਕਾਸ ਦਰ ਦਾ ਅੰਦਾਜ਼ਾ ਲਗਾਇਆ ਹੈ।

# ਸਿਆਟਲ 'ਚ ਪੰਜਾਬੀ ਨੌਜਵਾਨ ਦੀ ਡੁੱਬਣ ਨਾਲ ਮੌਤ



ਸਿਆਟਲ, 13 ਮਈ (ਪੋਸਟ ਬਿਊਰੋ)- ਕੱਲ੍ਹ ਸਿਆਟਲ ਵਿਖੇ ਰਹਿ ਰਹੇ ਪੰਜਾਬੀ ਨੌਜਵਾਨ ਅਕਾਸ਼ਦੀਪ ਸਿੰਘ ਦੀ ਪਾਣੀ 'ਚ ਡੁੱਬਣ ਕਾਰਨ ਮੌਤ ਹੋ ਗਈ ਹੈ, ਜਿਸ ਤੋਂ ਪੰਜਾਬੀ ਭਾਈਚਾਰਾ ਦੁਖੀ ਹੈ।

ਸਿਆਟਲ ਦੇ ਕਾਰੋਬਾਰੀ ਕੁਲਵੰਤ ਸਿੰਘ ਸ਼ਾਹ ਨੇ ਦੱਸਿਆ ਕਿ ਉਨ੍ਹਾਂ ਦਾ ਨਜ਼ਦੀਕੀ ਰਿਸ਼ਤੇਦਾਰ ਅਕਾਸ਼ਦੀਪ ਸਿੰਘ (18) ਪੁੱਤਰ ਹਰਪਾਲ ਸਿੰਘ ਪੰਜਾਬ ਦੇ ਮਹਿਤਾ ਚੌਕ ਜ਼ਿਲ੍ਹਾ ਅੰਮ੍ਰਿਤਸਰ ਨਾਲ ਸਬੰਧਿਤ ਸੀ, ਜੋ ਇਥੇ ਅਮਰੀਕਾ 'ਚ ਤਕਰੀਬਨ ਸਵਾ ਸਾਲ ਪਹਿਲਾਂ ਆਇਆ ਸੀ ਤੇ ਸਕੂਲ ਪੜ੍ਹਦਾ ਸੀ ਤੇ ਉਸ ਨੇ ਗੈਜੂਏਟ ਹੋਣਾ ਸੀ। ਆਪਣੇ ਤਿੰਨ ਦੋਸਤਾਂ ਨਾਲ ਉਹ ਇਥੋਂ ਕੁਝ ਦੂਰ ਘੁੰਮਣ ਗਿਆ, ਉਥੇ ਜਾ ਕੇ ਇੱਕ ਤੇਜ਼ ਵਹਾਅ ਵਾਲੀ ਨਹਿਰ ਦੇ ਕੋਲ ਘੁੰਮਦੇ, ਖੇਡਦਿਆਂ ਅਕਾਸ਼ਦੀਪ ਸਿੰਘ ਦਾ ਪੈਰ ਤਿਲਕ ਗਿਆ ਅਤੇ ਉਹ ਨਹਿਰ 'ਚ ਡਿੱਗ ਗਿਆ। ਉਸ ਦੇ ਦੋਸਤਾਂ ਨੇ ਰੌਲਾ ਪਾਇਆ। ਨੇੜੇ ਕਾਫ਼ੀ ਗੋਰੇ ਲੋਕ ਸਨ, ਉਨ੍ਹਾਂ ਝੱਟ ਨਹਿਰ 'ਚ ਛਾਲਾਂ ਮਾਰ ਕੇ ਅਕਾਸ਼ਦੀਪ ਨੂੰ ਕੱਢ ਕੇ ਉਸ ਨੂੰ ਮੁੱਢਲੀ ਸਹਾਇਤਾ ਦਿੱਤੀ। ਏਨੇ ਨੂੰ ਹੈਲੀਕਾਪਟਰ ਐਂਬੂਲੈਂਸ ਰਾਹੀਂ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ ਪਰ ਉਸ ਦੀ ਮੌਤ ਹੋ ਗਈ।

# ਪ੍ਰਿਅੰਕਾ ਚੋਪੜਾ ਸਮੇਤ ਕਈ ਸੈਲੀਬ੍ਰਿਟੀਜ਼ ਦਾ ਡਾਟਾ ਚੋਰੀ

ਲਾਸ ਏਂਜਲਸ, 13 ਮਈ (ਪੋਸਟ ਬਿਊਰੋ)- ਅਮਰੀਕਾ ਦੀ ਮੀਡੀਆ ਤੇ ਐਂਟਰਟੇਨਮੈਂਟ ਲਾਅ ਫਰਮ ਸਾਹਮਣੇ ਪ੍ਰਿਅੰਕਾ ਚੋਪੜਾ ਸਮੇਤ ਕਈ ਸੈਲੀਬ੍ਰਿਟੀਜ਼ ਦਾ ਡਾਟਾ ਚੋਰੀ ਹੋਣ ਦਾ ਮਾਮਲਾ ਆਇਆ ਹੈ। ਹੈਕਰਾਂ ਨੇ ਕੰਪਨੀ ਦਾ ਜਿੰਨਾ ਡਾਟਾ ਹੈਕ ਕੀਤਾ ਹੈ, ਉਸ ਦਾ ਕੁੱਲ ਸਾਈਜ਼ 756 ਜੀ ਬੀ ਹੈ ਤੇ ਇਸ ਵਿੱਚ ਠੇਕੇ, ਨਾਨ ਡਿਸਕਲੋਜ਼ਰ ਐਗਰੀਮੈਂਟ, ਫੋਨ ਨੰਬਰ ਈ-ਮੇਲ ਐਡਰੈੱਸ ਤੇ ਨਿੱਜੀ ਚਿੱਠੀਆਂ ਹਨ।



ਫਿਲਮਾਂ ਨਾਲ ਜੁੜੀ ਜਾਣਕਾਰੀ ਦੇਣ ਵਾਲੀ ਵੈਰਾਇਟੀਡਾਟਕਾਮ ਦੇ ਮੁਤਾ-ਬਕ ਜੀ ਐੱਸਐੱਮਲਾਡਾਟ ਕਾਮ ਨਾਂਅ ਦੀ ਇਸ ਕੰਪਨੀ 'ਤੇ ਰੈਂਸਮਵੇਅਰ ਦਾ ਹਮਲਾ ਕਰ ਕੇ ਸੈਲੀਬ੍ਰਿਟੀ ਨਾਲ ਜੁੜੀ ਜਾਣਕਾਰੀ ਚੋਰੀ ਕੀਤੀ ਗਈ ਹੈ। ਡਾਟਾ ਚੋਰੀ ਦੇ ਸੰਬੰਧ ਵਿੱਚ ਅੱਜ ਤੱਕ ਕੰਪਨੀ ਦੇ ਨੁਮਾਇੰਦੇ ਨੇ ਕੋਈ ਬਿਆਨ ਜਾਰੀ ਨਹੀਂ ਕੀਤਾ ਤੇ ਫਿਲਹਾਲ ਇਸ ਦੀ ਵੈੱਬਸਾਈਟ ਆਫਲਾਈਨ ਹੈ। ਵੈੱਬਸਾਈਟ 'ਤੇ ਸਿਰਫ ਉਸ ਦਾ ਲੋਗੋ ਚੱਲਦਾ ਹੈ। ਜਿਨ੍ਹਾਂ ਸੈਲੀਬ੍ਰਿਟੀਜ਼ ਦਾ ਡਾਟਾ ਚੋਰੀ ਹੋਇਆ ਹੈ, ਉਨ੍ਹਾਂ ਵਿੱਚ ਲੇਡੀ ਗਾਗਾ, ਮੈਡੋਨਾ, ਨਿਕੀ ਮਿਨਾਜ਼, ਮਾਰੀਆ ਕੈਰੇ, ਨੇਓਮੀ ਕੈਂਪਬੈਲ ਅਤੇ ਰਾਬਰਟ ਡੀ ਨੀਰੋ ਸਮੇਤ ਕਈ ਸਟਾਰ ਹਨ। ਵਿਸ਼ਵ ਸਾਈਬਰ ਕੰਪਨੀ ਸੋਫੋਸ ਨੇ ਕਿਹਾ ਕਿ ਹੈਕਰਾਂ ਨੇ ਕਿਸੇ ਨੂੰ ਕੋਈ ਧਮਕੀ ਨਹੀਂ ਦਿੱਤੀ। ਇਸ ਕੰਪਨੀ ਦੇ ਗਾਹਕਾਂ 'ਚ ਡਿਸਕਵਰੀ, ਈ ਐੱਮ ਆਈ ਮਿਊਜ਼ਿਕ ਗਰੁੱਪ, ਫੇਸਬੁਕ, ਐੱਚ ਬੀ ਓ, ਆਈਮੈਕਸ, ਐਮ ਟੀ ਵੀ, ਐੱਨ ਬੀ ਏ ਐਂਟਰਟੇਨਮੈਂਟ, ਪਲੇਬੁਆਏ ਇੰਟਰਪ੍ਰਾਈਜ਼ਿਜ਼, ਸੈਮਸੰਗ ਇਲੈਕਟ੍ਰਾਨਿਕਸ, ਸੋਨੀ ਕਾਰਪ, ਸਪੋਟੀਫਾਈ, ਟਿਰਬੇਕਾ ਫਿਲਮ ਫੈਸਟੀਵਲ, ਯੂਨੀਵਰਸਲ ਮਿਊਜ਼ਕ ਗਰੁੱਪ ਤੇ ਵਾਈਸ ਮੀਡੀਆ ਗਰੁੱਪ ਹਨ।

# ਪਾਕਿਸਤਾਨੀ ਮਦਰੱਸੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਦਾ ਕੇਂਦਰ ਬਣੇ

ਲਾਹੌਰ, 13 ਮਈ (ਪੋਸਟ ਬਿਊਰੋ)- ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਕੇਂਦਰ ਬਣੇ ਪਾਕਿਸਤਾਨੀ ਮਦਰੱਸਿਆਂ 'ਚ ਕਾਰੀਆਂ (ਇਸਲਾਮ ਦੀ ਤਾਲੀਮ ਦੇਣ ਵਾਲੇ) ਅਤੇ ਮੌਲਵੀਆਂ ਵੱਲੋਂ ਛੋਟੀ ਉਮਰ ਦੇ ਬਾਲਕਾਂ ਦੀ ਖੁੱਲ੍ਹੇ ਤੌਰ 'ਤੇ ਕੁੱਟਮਾਰ ਕਰਨ ਦੇ ਮਾਮਲੇ ਲਗਾਤਾਰ ਜ਼ੋਰ ਫੜਦੇ ਜਾ ਰਹੇ ਹਨ। ਕਈ ਪੀੜਤ ਬੱਚਿਆਂ ਦੇ ਮਾਪਿਆਂ ਨੇ ਦੋਸ਼ ਲਾਇਆ ਹੈ ਕਿ ਮਦਰਸਿਆਂ 'ਚ ਬੱਚਿਆਂ ਦਾ ਸ਼ੋਸ਼ਣ ਆਮ ਹੋ ਗਿਆ ਹੈ, ਜਿਸ ਦੀ ਜਾਂਚ ਦੀ ਮੰਗ ਕੀਤੀ ਜਾ ਰਹੀ ਹੈ।। ਤਾਜ਼ਾ ਮਾਮਲਾ ਪਾਕਪੱਟਨ ਸ਼ਹਿਰ ਦੇ ਮਦਰੱਸੇ ਦਾ ਪਤਾ ਲੱਗਾ ਹੈ, ਜਿੱਥੇ ਮਦਰਸੇ ਦੇ ਮੌਲਵੀ ਨੇ ਇੱਕ 11 ਸਾਲ ਦੇ ਬੱਚੇ ਨਾਲ ਸ਼ਰਮਨਾਕ ਹਰਕਤ ਕੀਤੀ ਹੈ। ਪੀੜਤ ਵਿਦਿਆਰਥੀ ਦੀ ਮਾਸੀ ਸਾਜ਼ੀਆ ਨੇ ਥਾਣੇ ਵਿੱਚ ਕੀਤੀ ਸ਼ਿਕਾਇਤ ਮਦਰ-ੱਸੇ ਦੇ ਮੌਲਵੀ ਮੋਈਨ ਸ਼ਾਹ ਵਿਰੁੱਧ ਛੋਟੀ ਉਮਰ ਦੇ ਵਿਦਿਆਰਥੀਆਂ ਨਾਲ ਅਸ਼ਲੀਲ ਹਰਕਤਾਂ, ਜਿਨਸੀ ਸ਼ੋਸ਼ਣ, ਗੰਦੀਆਂ ਗਾਲ੍ਹਾਂ ਕੱਢਣ ਦੇ ਦੋਸ਼ ਲਾਏ ਹਨ। ਮਿਲੀ ਜਾਣਕਾਰੀ ਅਨੁਸਾਰ ਪਾਕਿਸਤਾਨ 'ਚ 22 ਹਜ਼ਾਰ ਤੋਂ ਵੱਧ ਰਜਿਸਟਰਡ ਮਦਰੱਸੇ ਹਨ ਅਤੇ ਉਨ੍ਹਾਂ 'ਚ 20 ਲੱਖ ਤੋਂ ਵੱਧ ਬੱਚੇ ਪੜ੍ਹਦੇ ਹਨ, ਪਰ ਕਈ ਮਦਰਸੇ ਬਿਨਾਂ ਰਜਿਸਟ੍ਰੇਸ਼ਨ ਦੇ ਚੱਲਦੇ ਹਨ।

ਪਤਾ ਲੱਗਾ ਹੈ ਕਿ ਪਾਕਿ 'ਚ ਕਈ ਮਦਰੱਸਿਆਂ ਦੇ ਅੱਤਵਾਦੀ ਸੰਗਠਨ ਨਾਲ ਨੇੜਲੇ ਸਬੰਧ ਹਨ ਅਤੇ ਕੌਮਾਂਤਰੀ ਅੱਤਵਾਦੀ ਨੈਟਵਰਕ ਨੂੰ ਕਾਇਮ ਰੱਖਣ 'ਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਹੈ। ਦੱਸਿਆ ਜਾਂਦਾ ਹੈ ਕਿ ਲਹਿੰਦੇ ਪੰਜਾਬ, ਖ਼ੈਬਰ ਪਖਤੂਨਖਵਾ ਅਤੇ ਸਿੰਧ ਦੇ ਸ਼ਹਿਰਾਂ ਤੇ ਪਿੰਡਾਂ 'ਚ ਚੱਲ ਰਹੇ ਮਦਰੱਸਿਆਂ 'ਚ ਇਸਲਾਮ ਦਾ ਗਿਆਨ ਦੇਣ ਦੇ ਨਾਲ-ਨਾਲ ਛੋਟੀ ਉਮਰ ਦੇ ਬਾਲਕਾਂ ਤੇ ਨੌਜਵਾਨਾਂ ਨੂੰ ਹਥਿਆਰਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਸੂਬਾ ਸਿੰਧ ਦੇ ਕੁਝ ਮਦਰੱਸਿਆਂ ਦੇ ਬਾਹਰ ਬਕਾਇਦਾ ਬੋਰਡ ਲਾ ਕੇ ਇਹ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਇਥੇ ਕੁਰਾਨ ਦੇ ਵਧੀਆ ਹਾਫ਼ਿਜ਼ ਬਣਾਉਣ ਅਤੇ ਹਥਿਆਰਾਂ ਨਾਲ ਲੜਨ ਦੀ ਤਾਲੀਮ (ਸਿਖਲਾਈ) ਦਿੱਤੀ ਜਾਂਦੀ ਹੈ। ਅਜਿਹੇ ਮਾਮਲਿਆਂ 'ਚ ਪਾਕਿਸਤਾਨ ਸਰਕਾਰ ਹਮੇਸ਼ਾ ਪੱਲਾ ਝਾੜਦੀ ਰਹੀ ਹੈ।

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਤੁਰ ਗਿਐ ਕਬੱਡੀ ਦਾ ਮਸੀਹਾ-ਕਾਲੇ ਸੰਘਿਆਂ ਵਾਲਾ ਮਹਿੰਦਰ ਮੌੜ

(ਇਕਬਾਲ ਸਿੰਘ ਜੱਬੋਵਾਲੀਆ)
(917)-375-6395

ਕਬੱਡੀ ਦੇ ਥੰਮ੍ਹ ਨਾਲ ਜਾਣੇਂ ਜਾਂਦੇਂ ਮਹਿੰਦਰ ਮੌੜ ਜੀ ਹਮੇਸ਼ਾਂ ਹਮੇਸ਼ਾਂ ਲਈ ਤੁਰ ਗਏ ਨੇ। ਦੁਨੀਆਂ 'ਤੇ ਆਏ ਹਰ ਪ੍ਰਾਣੀਂ ਨੇ ਇਕ ਦਿਨ ਤੁਰ ਜਾਣੈ। ਪਰ ਅਜੇਹਾ ਇਨਸਾਨ ਭਾਲਣਾ ਬਹੁਤ ਮੁਸ਼ਕਲ ਹੈ। ਆਪਣੇਂ ਘਰੇਲੂ ਕੰਮਾਂ ਨੂੰ ਭੁੱਲ ਕੇ ਲੋੜਵੰਦ ਦੂਜੇ ਲੋਕਾਂ ਦੀਆਂ ਦੁਖਾਂ ਤਕਲੀਫ਼ਾਂ ਨੂੰ ਤਰਜੀਹ ਦਿੰਦਾਂ। ਸੈਂਕੜੇ ਕਬੱਡੀ ਖਿਡਾਰੀ ਇੰਗਲੈਂਡ ਸੱਦੇ ਤੇ ਵਿਆਹ ਕੀਤੇ ਤੇ ਸੈਟਲ ਕਰਾਏ। ਉਹ ਦਿਲ ਦਾ ਬਾਦਸ਼ਾਹ ਸ਼ਾਹੀ ਫ਼ਕੀਰ ਬੰਦਾ ਸੀ। ਹਰ ਇਕ ਦੀ ਬਾਂਹ ਫੜਨ ਵਾਲਾ ਦੇਵਤਾ ਇਨਸਾਨ। ਉਹਦੀ ਦਰਿਆ-ਦਿਲੀ ਨੂੰ ਯਾਦ ਕਰ ਖਿਡਾਰੀ ਉਦਾਸ ਨੇ। ਲੇਖਕ ਦੀ ਕਲਮ ਵੀ ਉਦਾਸ ਹੈ। ਹਰ ਇਕ ਦਾ ਦੁਖ ਸਮੇਟਣ ਵਾਲੇ ਦਲੇਰ ਦਾਨੀ ਇਨਸਾਨ ਮੌੜ ਦੀ ਜ਼ਿੰਦਗੀ ਦੇ ਖੱਟੇ ਮਿੱਠੇ ਤਜ਼ਰਬਿਆਂ ਦੀ ਕਲਮ ਰਾਹੀਂ ਸਾਂਝ ਪਾਠਕਾਂ ਦੀ ਕਚਿਹਰੀ 'ਚ ਸਨਮੁੱਖ ਕਰ ਰਿਹਾ ਹਾਂ। ਵੱਧ ਘੱਟ ਲਿਖਿਆ ਅੱਖਰ ਸੇਵਾਦਾਰ ਲੇਖਕ ਦੀ ਝੋਲੀ ਪਾ ਦੇਣਾ...ਪਾਠਕਾਂ ਦੇ ਚਰਨਾਂ ਦੀ ਧੂੜ..ਇਕਬਾਲ ਜੱਬੋਵਾਲੀਆ।

"ਮੌੜ ਵਰਗੇ ਘਰ ਘਰ ਨੀ ਜੰਮਣੇਂ...ਉਹ ਕਬੱਡੀ ਦਾ ਕਿਲ੍ਹਾ ਹੈ...ਕਿਲ੍ਹਾ...ਉਸ ਇਨਸਾਨ ਨੇ ਕਦੇ ਨਫ਼ਾ ਨੁਕਸਾਨ ਨੀ ਵੇਖਿਆ...ਖਿਡਾਰੀਆਂ ਦੀ ਹਰ ਤਰ੍ਹਾਂ ਨਾਲ ਮੱਦਦ ਕੀਤੀ...ਕਬੱਡੀ ਦੇ ਖੇਤਰ ਵਿੱਚ ਨੰਬਰ ਇਕ ਇਨਸਾਨ ਹੈ...ਜਿਹੜਾ ਬੰਦਾ ਮੌੜ ਦੀ ਕਦਰ ਨੀ ਕਰਦਾ...ਮਾਂ-ਬਾਪ ਦੀ ਕੀ ਕਰੂ...ਭਗਤ ਹੈ ਭਗਤ...ਅਜਿਹੇ ਇਨਸਾਨ ਦੁਨੀਆਂ 'ਚ ਬੜੇ ਘੱਟ ਮਿਲਦੇ ਨੇ...ਸੈਂਕੜੇ ਖਿਡਾਰੀ ਇੰਗਲੈਂਡ 'ਚ ਪੱਕੇ ਕਰਾਏ...ਉਸ ਨੇ।"- ਆਪਣੇਂ ਸਮੇਂ ਦੇ ਸਟਾਰ ਖਿਡਾਰੀ ਪੱਤੜੀਏ ਬੋਲੇ ਨੇ ਇਹ ਵਿਚਾਰ ਸਾਂਝੇ ਕੀਤੇ।

ਇੰਗਲੈਂਡ 'ਚ ਮੌੜ ਨੂੰ 'ਕਬੱਡੀ ਦੇ ਬਾਬਾ ਬੋਹੜ' ਦੇ ਨਾਂ ਨਾਲ ਜਾਣਿਆਂ ਜਾਂਦੈ। ਖਿਡਾਰੀਆਂ 'ਚ ਹਮੇਸ਼ਾਂ ਜੋਸ਼ ਤੇ ਜਜ਼ਬਾ ਭਰ ਕੇ ਰੱਖਿਆ। ਮਜਾਲ ਐ ਕਿਸੇ ਨੂੰ ਡੁੱਲਣ ਦਿਤਾ ਹੋਵੇ। ਪੰਜਾਬੀਆਂ ਦੀ ਰੂਹ ਦੀ ਖ਼ੁਰਾਕ ਕਬੱਡੀ ਉਹਦੇ ਰੋਮ ਰੋਮ 'ਚ ਵਸੀ ਹੋਈ ਹੈ। ਰੂਹ ਦੀ ਇਸ ਖ਼ੁਰਾਕ ਨੂੰ ਪੂਰਾ ਕਰਨ ਲਈ ਪੰਜਾਬ ਦੇ ਤਾਕਤਵਰ ਖਿਡਾਰੀਆਂ ਪਿਛੇ ਹਮੇਸ਼ਾਂ ਥੰਮ੍ਹ ਵਾਂਗ ਜਾ ਖੜ੍ਹਿਐ। ਮੁਲਕ ਦੀ ਵੰਡ ਤੋਂ ਬਾਅਦ ਤੋਖੀ, ਮਾਲੜੀ, ਬੱਲ ,ਪ੍ਰੀਤੇ ਵਰਗੇ ਖਿਡਾਰੀ ਮੱਲਾਂ ਨੇ ਭਾਰਤੀ ਪੰਜਾਬ ਦੇ ਲੋਕਾਂ ਦੀ ਨਵਜ਼ ਨੂੰ ਪਛਾਣਿਆਂ ਅਤੇ ਉਨ੍ਹਾਂ ਦੀ ਰੂਹ ਦੀ ਖ਼ੁਰਾਕ ਪੂਰੀ ਕੀਤੀ। ਕਬੱਡੀ ਨੂੰ ਹੱਸਦੀ ਵਸਦੀ ਵੇਖਣ ਅਤੇ ਬਲੰਦੀਆਂ 'ਤੇ ਪਹੁੰਚਾਣ ਲਈ ਮਹਿੰਦਰ ਮੌੜ ਦਾ ਵੱਡਾ ਯੋਗਦਾਨ ਹੈ। ਕਬੱਡੀ 'ਚ ਆਪਾ ਵਾਰਿਐ। ਘਰ ਫ਼ੂਕ ਤਮਾਸ਼ਾਂ ਵੇਖਣ ਵਾਲੀ ਗੱਲ ਨੂੰ ਦੂਜੇ ਤਰ੍ਹਾਂ ਕਹਿ ਲੈਂਦੇਂ ਹਾਂ ਕਿ ਸ਼ੌਕ ਪਾਲਣ ਲਈ ਜੇਬਾਂ ਖਾਲੀ ਕਰ ਦਿਤੀਆਂ ਤੇ ਜ਼ਮੀਨਾਂ ਦਾਅ 'ਤੇ ਲਾ ਦੇਣੀਆਂ। ਜ਼ਿੰਦਗੀ ਕਬੱਡੀ ਲੇਖੇ ਲਾ ਦਿਤੀ। ਗਰੀਬ ਖਿਡਾਰੀਆਂ ਦੀ ਗਰੀਬੀ ਕੱਢੀ। ਕੱਚਿਆਂ ਤੋਂ ਪੱਕੇ ਬਣਾਏ।। ਮਹਿੰਦਰ ਮੌੜ 89 ਕੁ ਸਾਲਾਂ ਦਾ ਹੋ ਚੁੱਕੈ। ਉਹਦੀਆਂ ਸੇਹਤ ਸੇਵਾਵਾਂ ਆਗਿਆ ਨਹੀਂ ਦਿੰਦੀਆਂ। ਸਰੀਰਕ ਤੌਰ 'ਤੇ ਨਾਜ਼ੁਕ ਹਾਲਾਤਾਂ 'ਚੋਂ ਗੁਜ਼ਰ ਰਿਹੈ। ਇਲਾਜ਼ ਚਲ ਰਿਹੈ। ਭਤੀਜਾ ਜੀਤਾ ਮੌੜ ਖਿਆਲ ਰੱਖ ਰਿਹੈ। ਸੱਚੇ ਪਾਤਸ਼ਾਹ ਮੇਹਰ ਕਰਨ ਤੰਦਰੁਸਤੀ ਬਖਸ਼ੇ ਤੇ ਖੇਡ-ਹਲਕਿਆਂ 'ਚ ਦੁਬਾਰਾ ਮੌੜ...ਮੌੜ ਹੋਵੇ।

ਪਿਤਾ ਤੇ ਭਰਾ ਸਿੰਘਾਪੁਰ ਰਹਿੰਦੇ ਕਰਕੇ ਸੰਨ "57 'ਚ ਮੌੜ ਉਨ੍ਹਾਂ ਕੋਲ ਚਲੇ ਗਿਆ। ਸਾਢੇ ਛੇ ਫੁੱਟ ਦਰਸ਼ਨੀਂ ਜੁਆਨ ਵੱਡਾ ਭਾਈ ਪਰਗਣ ਸਿੰਘ ਸਿੰਘਾਪੁਰ 'ਚ ਕੁਸ਼ਤੀਆਂ ਕਰਦਾ ਤੇ ਰੱਸਾ ਖਿਚਦਾ ਸੀ। ਡੇਢ ਕੁ ਸਾਲ ਮੌੜ ਉਹਨਾਂ ਕੋਲ ਰਿਹਾ। ਚੰਗੀ ਖ਼ੁਰਾਕ ਖਾਧੀ ਪਹਿਲਵਾਨੀਂ ਕੀਤੀ ਤੇ ਦਿਲ ਨਾ ਲੱਗਣ ਕਰਕੇ ਵਾਪਸ ਪਿੰਡ ਆ ਗਿਆ। ਕੁਝ ਮਹੀਨੇਂ ਪਿੰਡ ਰਿਹਾ ਫਿਰ ਏਜੰਟ ਨਾਲ ਗੱਲ ਕਰਕੇ ਇੰਗਲੈਂਡ ਨੂੰ ਚੱਲ ਪਾ ਦਿਤੇ।

1959 'ਚ ਉਹ ਇੰਗਲੈਂਡ ਚਲਾ ਗਿਆ। ਉਥੇ ਉਹਨੂੰ ਕੋਈ ਜਾਣਦਾ ਨਹੀਂ ਸੀ। ਪੰਜਾਬੀ ਉਥੇ ਬੜੇ ਘੱਟ ਸਨ ਉਸ ਵੇਲੇ। ਪਹਿਲੀ ਰਾਤ ਉਨ੍ਹੇ ਵੁਲਵਹੈਂਮਟਨ ਦੇ ਸਟੇਸ਼ਨ 'ਤੇ ਕੱਟੀ।। ਫਿਰ ਉਹਨੂੰ ਅੱਪਰੇ ਲਾਗੇ ਦਾ ਕੋਈ ਪਰਿਵਾਰ ਮਿਲਿਆਂ। ਥੋੜੇ ਦਿਨ ਉਨ੍ਹਾਂ ਕੋਲ ਰਿਹਾ ਤੇ ਕੰਮ ਲੱਭ ਕੇ ਟਿਕਾਣਾ ਬਣਾ ਲਿਆ। ਪੰਜਾਬ 'ਚੋਂ ਕੁਸ਼ਤੀਆਂ ਕਰਦਾ ਗਿਆ ਕਰਕੇ ਇੰਗਲੈਂਡ ਜਾ ਕੇ ਕੁਸ਼ਤੀਆਂ ਕੀਤੀਆਂ ਤੇ ਕੇਬੋ, ਨਿੰਮਾਂ ਮੱਲੀਆਂ ਤੇ ਹੋਰ ਪਹਿਲਵਾਨਾਂ ਨਾਲ ਕੁਸ਼ਤੀਆਂ ਲੜੀਆਂ। ਫਿਰ ਕਬੱਡੀ ਪਹਿਲਵਾਨੀਂ ਤੋਂ ਭਾਰੂ ਹੋ ਗਈ। ਕਬੱਡੀ ਦਾ ਜਨੂੰਨ ਸਿਰ ਚੜ੍ਹ ਬੋਲਣ ਲੱਗਾ। ਕੰਮ ਤੋਂ ਘਰ ਜਾ ਥੋੜਾ ਅਰਾਮ ਕਰਨਾ,ਫਿਰ ਵੈਨ 'ਚ ਖਿਡਾਰੀਆਂ ਨੂੰ ਘਰਾਂ ਚੋਂ ਚੱਕ ਕੇ ਗਰਾਂਉਂਡ ਲਿਜਾਣਾ ਤੇ ਪ੍ਰੈਕਿਟਸ ਕਰਕੇ ਫਿਰ ਘਰੋ-ਘਰੀ ਛੱਡਣਾ, ਰੋਜ਼ ਦਾ ਕੰਮ ਸੀ। ਕਬੱਡੀ ਦਾ ਸ਼ੌਕੀਨ ਕਰਕੇ ਖਿਡਾਰੀਆਂ ਨੂੰ ਹਮੇਸ਼ਾਂ ਹੌਸਲਾ ਦਿੰਦਾ। ਸੰਨ '੬੫ 'ਚ ਇੰਗਲੈਂਡ 'ਚ ਕਬੱਡੀ ਦੀ ਸ਼ੁਰੂਆਤ ਹੋਈ ।

13 ਫ਼ਰਬਰੀ 1973 ਨੂੰ ਇੰਗਲੈਂਡ ਦੀ ਟੀਮ ਪਹਿਲੀ ਵਾਰ ਪੰਜਾਬ ਖੇਡਣ ਗਈ। ਇੰਗਲੈਂਡ 'ਚ ਕਬੱਡੀ ਦਾ ਸ਼ੌਕ ਰੱਖਣ ਵਾਲੇ ਕਾਵੈਂਟਰੀ ਤੇ ਵੁਲਵਹੈਂਮਟਨ ਤੋਂ ਮਹਿੰਦਰ ਮੌੜ ਤੇ ਸੋਹਣ ਸਿੰਘ ਚੀਮਾਂ,ਬਾਰਮਿਘਮ ਤੋਂ ਪਿਆਰਾ ਸਿੰਘ ਉਪਲ ਤੇ ਜਰਨੈਲ ਸਿੰਘ ਹੇਅਰ,ਸਾਊਥਹਾਲ ਤੋਂ ਸੁਰਜਣ ਸਿੰਘ ਚੱਠਾ ਤੇ ਰੇਸ਼ਮ ਸਿੰਘ ਅਤੇ ਗਰੇਵਜੈਂਡ ਤੋਂ ਕਰਨੈਲ ਸਿੰਘ ਸਨ। ਇਨ੍ਹਾਂ ਪ੍ਰਮੋਟਰਾਂ ਨੇ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਤੋਂ ਖਿਡਾਰੀ ਚੁਣ ਚੁਣ ਕੇ ਪੰਜਾਬ ਖੇਡਣ ਲਈ ਭੇਜੇ। ਟੀਮ ਵਿਚ , ਹਰਪਾਲ ਬਰਾੜ, ਜੀਤੀ ਖੈਰਾ,ਟਹਿਲ ਸਿੰਘ ਟਹਿਲਾ ਸੰਧਵਾਂ, ਹਿੰਮਤ ਸਿੰਘ, ਜਸਵੀਰ ਘੁੱਗੀ , ਲਹਿੰਬਰ ਲਿਤਰਾਂ (ਪ੍ਰਸਿੱਧ ਗੀਤਕਾਰ ਜੰਡੂ ਦਾ ਪਿੰਡ) ,ਕੇਵਲ ਪਾਸਲਾ,ਦੇਬੀ ਕੋਟਲੀ ਥਾਨ ਸਿੰਘ, ਤੋਚੀ, ਬਾਬਾ ਕਰਨੈਲ ਘੁੱਰਲੀ, ਅਮਰੀਕ ਢਿਲਵਾਂ,ਸੋਹਣ ਬੋਪਾਰਾਏ,ਅਜੈਬ ਚੀਮਾਂ, ਜੀਤੀ ਹੁਸ਼ਿਆਰਪੁਰ,ਬਿੰਦਰ ਹੁਸ਼ਿਆਰਪੁਰ, ਪਰਮਜੀਤ ਲਾਖਾ, ਪਾਲੀ ਰਾਏਪੁਰ ਡੱਬਾ ਤੇ ਮੀਤਾ ਸੰਗ ਢੇਸੀਆਂ ਨਾਮਵਰ ਖਿਡਾਰੀ ਸਨ। ਇਨ੍ਹਾਂ ਖਿਡਾਰੀਆਂ ਨੇ ਪੰਜਾਬ ਦੇ ਜਲੰਧਰ, ਫ਼ਿਰੋਜ਼ਪੁਰ, ਮੋਰਾਂਵਾਲੀ ਤੇ ਕਿਲ੍ਹਾ-ਰਾਏ ਮੈਚ ਖੇਡੇ।

ਪੰਜਾਬ ਦਾ ਉਸ ਵੇਲੇ ਦਾ ਨਾਮਵਰ ਕਬੱਡੀ ਖਿਡਾਰੀ ਤੇ ਕੋਚ ਰਮੀਦੀ ਵਾਲੇ ਸਰਬਣ ਬੱਲ ਨੂੰ ਸੰਨ '72 'ਚ ਪਹਿਲੀ ਵਾਰ ਮੌੜ ਨੇ ਇੰਗਲੈਂਡ ਸੱਦਿਆ। 72 'ਚ ਇੰਗਲੈਂਡ ਤੋਂ ਵਾਪਸ ਜਾ ਬੱਲ ਸਾਹਿਬ ਨੇ ਪਿੰਡਾਂ ਦੇ ਗ੍ਰਾਮ ਸੇਵਕ ਸ. ਭਜਨ ਸਿੰਘ ਸੰਘਾ ਅਤੇ ਪੰਚਾਇਤਾਂ ਦੇ ਅਫ਼ਸਰ ਅਤੇ ਖੇਡਾਂ 'ਚ ਸ਼ੌਕ ਰੱਖਣ ਵਾਲੇ ਬੀ ਡੀ ਪੀ ਓ ਹਰਮਿੰਦਰ ਸਿੰਘ ਭੁੱਲਰ ਨਾਲ ਗੱਲ ਕੀਤੀ।

ਗੱਲ-ਬਾਤ ਤੋਂ ਬਾਅਦ ਪੰਜਾਬ ਦੇ ਤਕੜੇ ਖਿਡਾਰੀਆਂ ਦੀ ਟੀਮ ਤਿਆਰ ਕਰਕੇ ਸੰਨ '74 'ਚ ਇੰਗਲੈਂਡ ਖੇਡਣ ਗਏ। ਟੀਮ ਨਾਲ ਬੱਲ ਸਾਹਿਬ ਕੋਚ ,ਬੀ ਡੀ ਪੀ ਓ ਸ.ਹਰਮਿੰਦਰ ਸਿੰਘ ਭੁੱਲਰ ਤੇ ਸੇਹਿਤ ਮੰਤਰੀ ਸ. ਬਲਵੀਰ ਸਿੰਘ ਸ਼ੰਕਰ ,ਤੇ ਖੇਡ ਮੰਤਰੀ ਸ. ਸੁਖਦੇਵ ਸਿੰਘ ਢੀਂਡਸਾ ਸਨ। ਤੋਖੀ ਐਟਮ ਬੰਬ ਤੇ ਅਜੀਤ ਸਿੰਘ ਮਾਲੜੀ ਮਹਿਮਾਨ ਦੇ ਤੌਰ 'ਤੇ ਨਾਲ ਗਏ। ਖਿਡਾਰੀਆਂ 'ਚ ਪ੍ਰੀਤਾ (ਕਪਤਾਨ), ਦੇਵੀ ਦਿਆਲ (ਉਪ ਕਪਤਾਨ),ਸੱਤਾ ਅੰਮ੍ਰਿਤਸਰ, ਜੀਤਾ ਸਿਪਾਹੀ ਅੰਮ੍ਰਿਤਸਰ, ਰਸਾਲ ਸਿੰਘ ਰਸਾਲਾ,ਬੰਸਾ ਢੰਡੋਵਾਲ ਸ਼ਾਹਕੋਟ,ਭੱਜੀ ਖੁਰਦਪੁਰ ਤੇ ਜੱਗੀ ਰਸੂਲਪੁਰ ਰੇਡਰ ਸਨ ਤੇ ਜਾਫ਼ੀਆਂ 'ਚ ਘੁੱਗਾ ਸ਼ੰਕਰ, ਦਰਸ਼ਣ ਮੰਗਲੀ ਲੁਧਿਆਣਾ,ਸੁਰਜੀਤ ਸੈਦੋਵਾਲ , ਬਿੰਦਰ ਘੱਲ-ਕਲਾ ਤੇ ਮੋਹਣੀ ਜੰਡਿਆਲਾ (ਜਾਫ਼ੀ ਤੇ ਪਹਿ-ਲਵਾਨ) ਖਿਡਾਰੀ ਸਨ। ਨਾਲ ਗਏ ਭੁੱਲਰ ਸਾਹਿਬ ਨੂੰ ਸਟੇਜ਼ ਦਾ ਧਨੀ ਤੇ ਗਜ਼ਬ ਦਾ ਕਮੈਂਟੇਟਰ ਐਲਾਨਿਆਂ ਗਿਆ।

ਸੰਨ '74-75 'ਚ ਪਹਿਲੀ ਵਾਰ ਮੌੜ ਸਾਹਿਬ ਪੰਜਾਬ ਗਏ ਸਨ। 15-16 ਸਾਲਾਂ ਬਾਅਦ ਜਾ ਕੇ ਮੌੜ ਸਾਹਿਬ ਨੇ ਪੰਜਾਬ ਦੇ ਰੰਗ ਵੇਖੇ। ਪੰਜਾਬ ਦੀਆਂ ਫ਼ਸਲਾਂ ਤੇ ਕਬੱਡੀ ਮੈਚ ਵੇਖ ਕੇ ਗਦਗਦ ਹੋ ਗਿਆ।

ਸੰਨ "77 'ਚ ਪੰਜਾਬ ਦੀ ਟੀਮ ਦੂਜੀ ਵਾਰ ਫਿਰ ਇੰਗਲੈਂਡ ਖੇਡਣ ਗਈ। ਧਾਵੀਆਂ 'ਚ ਪ੍ਰੀਤਾ, ਦੇਵੀ ਦਿਆਲ,ਪੱਤੜੀਆ ਬੋਲਾ, ਫ਼ਿਡੂ,ਅਰਜਣ ਕਾਉਂਕੇ ਤੇ ਦਿਲਬਾਗ ਬਾਘਾ ਬੇਗੋਵਾਲ ਸਨ ਅਤੇ ਜਾਫ਼ੀਆਂ 'ਚ ਸ਼ਿਵਦੇਵ ਸਿੰਘ,ਮੱਖਣ ਪੁਆਦੜਾ, ਭੱਜੀ ਖੀਰਾਂਆਲੀ,ਦਰਬਾਰਾ ਬੋਲਾ ਤੇ ਬਲਤੇਜ ਘੱਲ ਕਲਾਂ ਸਨ।

ਸੰਨ '88'ਚ ਮੌੜ ਸਾਹਿਬ ਤੇ ਸੋਹਣ ਸਿੰਘ ਚੀਮਾਂ ਇੰਗਲੈਂਡ ਦੀ ਟੀਮ ਫਿਰ ਪੰਜਾਬ ਲੈ ਕੇ ਗਏ। ਖਿਡਾਰੀਆਂ 'ਚ ਰੇਡਰ ਜਸਵੀਰ ਘੁੱਗੀ,ਸਵਰਨਾ,ਪਾਲੀ,ਜੱਸਾ ਭੱਜੀ, ਮੋਹਣਾ ਸੰਧਵਾਂ, ਜੈਲਾ ਹੁਸ਼ਿਆਰਪੁਰ ਤੇ ਚੁੰਨੀ ਪੱਤੜ(ਪੱਤੜੀਏ ਬੋਲੇ ਦਾ ਚਚੇਰਾ ਭਰਾ)ਸਨ। ਫਿਰ ਤਾਂ ਹਰ ਸਾਲ ਇੰਗਲੈਂਡ ਦੀ ਟੀਮ ਪੰਜਾਬ ਖੇਡਣ ਜਾਣ ਲੱਗੀ।

ਸੰਨ"86 'ਚ ਦੁਬਾਰਾ ਇੰਗਲੈਂਡ ਤੋਂ ਪੰਜਾਬ ਖੇਡਣ ਗਈ ਸਿਰੇ ਦੀ ਟੀਮ 'ਚ ਜਸਵੀਰ ਘੁੱਗੀ, ਕੇਵਲ ਪਾਸਲਾ,ਮੱਖਣ ਪੁਆਦੜਾ,ਬਲਵੀਰ ਵੀਰ੍ਹਾ ਚਮਿਆਰਾ,ਨਿੰਦੀ ਔਜਲਾ,ਸਵਰਨਾ ਲੁਧਿਆਣਾ, ਮੇਜੀ ਲੁਧਿਆਣਾ, ਦੀਪਾ ਮੌਲੀ, ਜੈਲਾ ਹੁਸ਼ਿਆਰਪੁਰ,ਬਲਵੀਰ ਦੁੱਗਰੀ, ਮਿੰਦੀ ਪਧਾਣਾ, ਸੁਲੱਖਣ ਖੈੜਾ-ਦੋਨਾਂ ਤੇ ਬਾਰਮੀਂਘਮ ਦਾ ਭਲਵਾਨ। ਇਸ ਟੀਮ ਨੇ ਤਲਵੰਡੀ ਸਾਬੋ ਕੀ, ਦੋਰਾਹੇ,ਬੱਸੀ ਪਠਾਣਾ,ਛੋਟਾ ਰੁੜਕਾ,ਕਾਲਕੇ (ਦੇਵੀ ਦਿਆਲ ਦੇ ਸ਼ਗਿਰਦ ਟੋਨੀਂ ਦੇ ਪਿੰਡ),ਚੰਡੀਗੜ੍ਹ ਲਾਗੇ ਇਕ ਪਿੰਡ ਮੈਚ ਖੇਡੇ। ਮਹੀਨਾ ਕੁ ਇਹ ਟੀਮ ਪੰਜਾਬ ਰਹੀ ਸੀ ਤੇ ਖਾੜਕੂਵਾਦ ਦੇ ਦਿਨ ਸਨ। ਕਾਵੈਂਟਰੀ ਵਾਲੇ ਸੀਤਲ ਸਿੰਘ ਜੌਹਲ ਤੇ ਸੋਹਣ ਸਿੰਘ ਚੀਮਾਂ ਇਸ ਟੀਮ ਦੀ ਅਗਵਾਈ ਕਰ ਰਹੇ ਸਨ। ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਦੀਆਂ ਆਪੋ-ਆਪਣੀਆਂ ਕਲੱਬਾਂ ਬਣ ਜਾਣ ਕਰਕੇ ਫਿਰ ਤਾਂ ਹਰ ਸਾਲ ਇੰਗਲੈਂਡ ਤੋਂ ਪੰਜਾਬ ਟੀਮ ਖੇਡਣ ਜਾਣ ਲੱਗੀ।

'75 'ਚ ਮੌੜ ਸਾਹਿਬ ਨੇ "ਮੌੜ ਡੇਅਰੀ" ਪਾ ਲਈ ਤੇ ਲੋਕਾਂ ਦੇ ਘਰਾਂ 'ਚ ਦੁੱਧ ਸਪਲਾਈ ਕਰਨ ਲਈ ਬੰਦੇ ਰੱਖ ਲਏ। ਲੁਧਿਆਣੇਂ ਵਾਲਾ ਮੇਜ਼ੀ ਤੇ ਕਾਲੇ-ਸੰਘਿਆਂ ਵਾਲਾ ਮੋਹਣਾ ਵੀ ਲੋਕਾਂ ਦੇ ਘਰਾਂ 'ਚ ਦੁੱਧ ਸਪਲਾਈ ਕਰਨ ਜਾਂਦੇ ਰਹੇ।

ਮੌੜ ਦੀ ਪਾਰਖੂ ਅੱਖ ਹਮੇਸ਼ਾਂ ਚੰਗੇ ਖਿਡਾਰੀਆਂ ਨੂੰ ਲੱਭਦੀ ਰਹਿੰਦੀ। ਹਮੇਸ਼ਾਂ ਚੰਗੀ ਗੇਮ ਦੀ ਕਦਰ ਕਰਦਾ...! ਨਾ ਕੋਈ ਅਮੀਰ ਵੇਖਦਾ ਨਾ ਗਰੀਬ....। ਬੱਸ ਗੇਮ...। ਮੌੜ ਸਾਹਿਬ ਕਿਤੇ ਮੈਚ ਵੇਖਣ ਗਏ। ਕੋਈ ਖਿਡਾਰੀ ਵਧੀਆ ਖੇਡ ਰਿਹਾ ਸੀ। ਉਹਦੀ ਗੇਮ ਉਹਨੂੰ ਵਧੀਆ ਲੱਗੀ। ਮੈਚ ਮੁੱਕਣ ਤੋਂ ਬਾਅਦ ਮੌੜ ਉਹਦੇ ਕੋਲ ਗਿਆ ਤੇ ਕਿਹਾ,"ਜੁਆਨਾਂ ਇੰਗਲੈਂਡ ਖੇਡਣ ਜਾਣੈਂ..ਪਾਸਪੋਰਟ ਹੈ..?" ਇੰਗਲੈਂਡ ਦਾ ਨਾਂ ਸੁਣ ਕੇ ਮੁੰਡਾ ਹੈਰਾਨ ਜਿਹਾ ਹੋ ਗਿਆ।

ਉਹਦਾ ਅਤਾ-ਪਤਾ ਕਰਕੇ ਦੂਜੇ ਦਿਨ ਮੌੜ ਉਹਦੇ ਘਰ ਚਲਾ ਗਿਆ। ਘਰ ਵੜਦੇ ਨੂੰ ਵੇਹੜੇ 'ਚ ਬੱਕਰੀਆਂ ਬੰਨ੍ਹੀਆਂ ਹੋਈਆਂ ਸਨ ਤੇ ਬਾਪ ਹੁੱਕਾ ਪੀ ਰਿਹਾ ਸੀ । ਮੌੜ ਨੇ ਘਰ ਦੇ ਪਿੱਛੜੇ ਹਾਲਾਤਾਂ ਦਾ ਅੰਦਾਜ਼ਾ ਲਾ ਲਿਆ।

"ਬਜ਼ੁਰਗਾ ਮੁੰਡਾ ਇੰਗਲੈਂਡ ਲੈ ਕੇ ਜਾਣਾ ਖੇਡਣ ਲਈ...ਵਧੀਆ ਖੇਡਦੈ....!

"ਸਾਡੇ ਭਾਗਾਂ 'ਚ ਇੰਗਲੈਂਡ ਕਿਥੇ ਜੀ...?" ਇੰਗਲੈਂਡ ਦਾ ਨਾਂ ਸੁਣ ਕੇ ਬਾਪ ਸੁੰਨ ਜਿਹਾ ਹੋ ਗਿਆ।

"ਮੁੰਡਾ ਕਿਥੇ ਐ...?

"ਜੀ, ਉਹ ਬੱਕਰੀਆਂ ਚਾਰਨ ਗਿਆ ਹੋਇਐ..!

ਬਜ਼ੁਰਗ ਦੇ ਬੋਲਾਂ ਨੇ ਮੌੜ ਨੂੰ ਸੱਟ ਮਾਰੀ। ਪਤਾ ਕਰਕੇ ਬੱਕਰੀਆਂ ਚਾਰਨ ਗਏ ਮੁੰਡੇ ਦੇ ਮਗਰੇ ਮੌੜ ਚਲਾ ਗਿਆ। ਜਾ ਕੇ ਉਹਦੇ ਨਾਲ ਗੱਲਬਾਤ ਕੀਤੀ। ਘਰੋਂ ਜਾ ਕੇ ਪਾਸਪੋਰਟ ਲਿਆ। ਪਾਸਪੋਰਟ ਲੈ ਕੇ ਮੌੜ ਬਾਹਰ ਆ ਗਿਆ। ਸਾਰੇ ਪੇਪਰ ਆਪੇ ਤਿਆਰ ਕੀਤੇ। ਖਰਚਾ ਵੀ ਚੰਗਾ ਸੀ। ਕਲੱਬ ਦੇ ਖਾਤੇ 'ਚ ਪਤਾ ਕੀਤਾ ਤਾਂ 4 ਹਜ਼ਾਰ ਪੌਂਡ ਪਿਆ ਸੀ..। 4 ਹਜ਼ਾਰ ਪੌਂਡ ਉਥੋਂ ਲਿਆ ਤੇ ੪ ਹਜ਼ਾਰ ਪੌਂਡ ਮੌੜ ਨੇ ਆਪਣੀਂ ਜੇਬ ਵਿਚੋਂ ਪਾ ਕੇ ੮ ਹਜ਼ਾਰ ਪੌਂਡ ਦੇ ਖਰਚੇ ਨਾਲ ਉਸ ਗਰੀਬ ਬੱਕਰੀਆਂ ਵਾਲੇ ਦਾ ਮੁੰਡਾ ਇੰਗਲੈਂਡ ਵਾਇਆ ਜਰਮਨ ਸੱਦਿਆ। ਦੋ ਕੁ ਸਾਲ ਉਹ ਮੁੰਡਾ ਮੌੜ ਵਲੋਂ ਖੇਡਿਆ ਤੇ ਜਿਆਦਾ ਪੈਸਿਆਂ ਦੇ ਲਾਲਚ ਵਿੱਚ ਆ ਕੇ ਉਹ ਕਿਸੇ ਹੋਰ ਕਲੱਬ ਵਲੋਂ ਖੇਡਣ ਲੱਗ ਪਿਆ। ਮੌੜ ਨੇ ਕੁਛ ਨੀ ਕਿਹਾ, ਬੱਸ ਚੁੱਪ ਹੀ ਕਰ ਗਿਆ। ਪਤਾ ਨੀ,ਉਹਦੀ ਚੁੱਪ ਕੀ ਕਹਿ ਰਹੀ ਹੋਵੇ।।

ਮੌੜ ਨੂੰ ਦੁੱਖ ਉਦੋਂ ਹੁੰਦਾ ਸੀ ਜੇਹੜੇ ਖਿਡਾਰੀ ਪੰਜਾਬ ਤੋਂ ਲਿਆ ਕੇ ਖਿਡਾਏ ਹੁੰਦੇ ਤੇ ਸੈਟ ਕਰਾਏ ਹੁੰਦੇ ਤੇ ਉਹੀ ਮੌੜ ਨਾਲ ਧੋਖਾ ਕਰ ਜਾਂਦੇ ਜਾਂ ਦੂਜੀਆਂ ਟੀਮ ਵਿੱਚ ਖੇਡਣ ਲੱਗ ਜਾਂਦੇ ਜਾਂ ਬਰਾਬਰ ਝੰਡਾ ਗੱਡ ਕੇ ਬਹਿ ਜਾਂਦੇ। ਮੌੜ ਦੇ ਦਿਲ 'ਤੇ ਕੀ ਬੀਤਦੀ ਸੀ, ਉਹੀ ਜਾਣਦਾ। ਉਹ ਫਿਰ ਵੀ 'ਚਲੋ ਕੋਈ ਨੀ' ਕਹਿ ਦੇਦਾਂ। ਪਰ ਉਹ ਜਖਮੀਂ ਜਰੂਰ ਹੁੰਦਾ। ਦੁੱਖ ਅੰਦਰੇ ਅੰਦਰ ਪੀ ਜਾਂਦਾ ਪਰ ਕਿਸੇ ਨੂੰ ਮਹਿਸੂਸ ਨਾ ਹੋਣ ਦਿੰਦਾਂ।

ਮੋਹਣਾ, ਜਸਵੀਰ ਘੁੱਗੀ, ਬਿੰਦਰ ਮਾਹਲ, ਰਾਜਨ , ਚੀਮਾਂ ਤੇ ਸ਼ਿੰਦਾ ਅਮਲੀ ਮੌੜ ਦੇ ਖਾਸ ਖਿਡਾਰੀ ਰਹੇ ਹਨ।

ਮੌੜ ਦਾ ਭਤੀਜਾ ਘੁੱਗੀ ਤਕੜਾ ਤੇ ਤੇਜ-ਤਰਾਰ ਖਿਡਾਰੀ ਰਿਹੈ। ਬੱਲ ਸਾਹਿਬ ਘੁੱਗੀ ਦੀ ਤਕੜੀ ਗੇਮ ਵੇਖ ਗਏ ਸਨ। ਘੁੱਗੀ ਨੂੰ ਹੋਰ ਤੇਜ਼ ਕਰਨ ਲਈ ਮੌੜ ਸਾਹਿਬ ਨਾਲ ਗੱਲ ਕਰਕੇ ਘੁੱਗੀ ਨੂੰ ਪੰਜਾਬ ਲਿਆ। ਪੰਜਾਬ ਜਾ ਕੇ ਬੱਲ ਸਾਹਿਬ ਨੇ ਉਸ ਵੇਲੇ ਦੇ ਬੀ ਡੀ ਪੀ ਓ ਸ. ਹਰਮਿੰਦਰ ਸਿੰਘ ਭੁੱਲਰ ਨਾਲ ਗੱਲ ਕੀਤੀ ਕਿ "ਮੈਚ ਰੱਖਣੇਂ ਆ ਤੇ ਉਸ ਮੁੰਡੇ (ਘੁੱਗੀ)ਨੂੰ ਹੋਰ ਤਿੱਖਾ ਕਰਨੈ।"....

"ਇਹ ਨਿੱਕੇ ਜੇਅ ਨੇ ਕੀ ਖੇਡਣਾ...?" ਘੁੱਗੀ ਦੇ ਛੋਟੇ ਕੱਦ ਵੱਲ੍ਹ ਵੇਖ ਭੁੱਲਰ ਸਾਹਿਬ ਨੇ ਵਿਅੰਗ ਕੱਸਿਆ।

"ਜਰਾ ਮੌਕਾ ਦੇ ਕੇ ਤਾਂ ਵੇਖੋ..ਸ਼ੁਰਲੀ ਆ ਸ਼ੁਰਲੀ...। ਬੱਲ ਸਹਿਬ ਨੇ ਬੜੇ ਠਰੰਮੇਂ ਨਾਲ ਕਿਹਾ।

ਫੇਰ ਕੀ ਸੀ ਬੱਲ ਸਾਹਿਬ ਤੇ ਭੁੱਲਰ ਸਾਹਿਬ ਨੇ ਆਪਸ ਵਿਚ ਗੱਲ ਕਰਕੇ ਕਪੂਰਥਲਾ ਦੇ ਗੁਰੂ ਨਾਨਕ ਸਟੇਡੀਅਮ ਵਿੱਚ ਮੈਚ ਰੱਖ ਲਿਆ। ਤੇ ਸਟੇਡੀਅਮ ਦਾ ਨੀਂਹ-ਪੱਥਰ ਰੱਖਣ ਦੇ ਬਹਾਨੇਂ ਗਿਆਨੀਂ ਜੈਲ ਸਿੰਘ ਨੂੰ ਸੱਦ ਲਿਆ। ਉਸ ਮੈਚ ਦਾ ਗਿਆਨੀਂ ਜੈਲ ਸਿੰਘ ਨੇ ਵੀ ਆਨੰਦ ਮਾਣਿਆਂ। ਵਾਕਿਆ ਘੁੱਗੀ ਤਕੜਾ ਖੇਡਿਆ। ਜਾਫ਼ੀ ਤੇ ਧਾਵੀ ਘੁੱਗੀ ਦੋਨਾਂ ਪਾਸੇ ਬੜਾ ਚੱਲਿਆ। ਟੀਮ ਦੇ ਦੂਜੇ ਪਾਸੇ ਜੋਤਾ, ਸੱਤਾ , ਜੀਤਾ ਸਿਪਾਹੀ ਤੇ ਹੋਰ ਤਕੜੇ ਖਿਡਾਰੀ ਖੇਡ ਰਹੇ ਸਨ। ਘੁੱਗੀ ਨੇ ਭੁੱਲਰ ਸਾਹਿਬ ਦੇ ਸਾਰੇ ਭਰਮ ਭੁਲੇਖੇ ਦੂਰ ਕਰ ਦਿਤੇ। ਫਿਰ ਭੁੱਲਰ ਸਾਹਿਬ ਘੁੱਗੀ ਦੀ ਗੇਮ ਦਾ ਆਸ਼ਕ ਹੋ ਗਿਆ। ਫਿਰ ਜਿਧਰ ਨੂੰ ਵੀ ਜੀਪ 'ਚ ਜਾਣਾ ਘੁੱਗੀ ਨੂੰ ਨਾਲ ਹੀ ਰੱਖਿਆ।

ਬਹਾਦੁਰ ਸਿੰਘ ਸੰਘਾ,ਕੰਤਾ ਸੰਘਾ,ਗੁਰਦੇਵ ਪੱਪੂ ਪੰਛੀ, ਬਲਕਾਰ ਸਿੰਘ ਤੇ ਗੁਰਮੇਜਾ ਵਰਗੇ ਸੱਜਣਾਂ ਨੇ ਮੌੜ ਦਾ ਬੜਾ ਸਾਥ ਦਿਤਾ ਤੇ ਚਟਾਨ ਵਾਂਗ ਹਰ ਤਰ੍ਹਾਂ ਨਾਲ ਖੜ੍ਹਦੇ ਰਹੇ।

ਮੌੜ ਨੇਂ ਸਿਰਫ਼ ਭਾਰਤੀ ਪੰਜਾਬ ਦੇ ਖਿਡਾਰੀਆਂ ਨੂੰ ਹੀ ਨਹੀਂ,ਸਗੋਂ ਪਾਕਿਸਤਾਨੀਂ ਖਿਡਾਰੀਆਂ ਨੂੰ ਵੀ ਮੌਕਾ ਦਿਤਾ। ਦੋ ਕੁ ਸਾਲ ਉਹ ਵੀ ਉਹਦੀ ਟੀਮ 'ਚ ਖੇਡੇ। ਜਿਨ੍ਹਾਂ 'ਚ ਆਮੀਂਨ ਜੱਟ,ਗੁਲ, ਰਿਆਜ਼ ਤੇ ਲਾਲਾ ਖਿਡਾਰੀਆਂ ਨੂੰ ਵੀ ਮੌਕਾ ਦਿਤਾ। ਮੌੜ ਦੇ ਭਤੀਜੇ ਜੀਤੇ ਮੌੜ ਨੇ ਉਸੇ ਸਾਲ ਸੰਨ '93 'ਚ ਖੇਡਣਾ ਸ਼ੁਰੂ ਕੀਤਾ ਸੀ। ਜੀਤਾ ਕਈ ਸਾਲ ਤਕੜਾ ਖੇਡਿਆ। ਅੱਜ ਕੱਲ੍ਹ ਉਹ ਪਿੰਡ ਹੈ।

ਸੰਨ '90'ਚ ਮੌੜ ਸਾਹਿਬ ਤੇ ਸੋਹਣ ਸਿੰਘ ਚੀਮਾਂ ਇੰਗਲੈਂਡ ਤੋਂ ਪਾਕਿਸਤਾਨ ਟੀਮ ਲੈ ਕੇ ਗਏ। ਜਾਫ਼ੀਆਂ 'ਚ ਸਵਰਨਾ, ਪਾਲੀ,ਸ਼ਿੰਦਾ ਅਮਲੀ,ਨਿੰਦੀ ਔਜਲਾ ਤੇ ਮੱਖਣ ਬੈਂਸ ਸਨ ਜਦਕਿ ਧਾਵੀਆਂ 'ਚ ਵੀਰ੍ਹਾ ਚਮਿਆਰਾ,ਮੇਜਰ ਅਟਾਲਾਂ,ਪੱਪੂ ਖੱਬਾ ਤੇ ਸੱਟ ਲੱਗਣ ਕਰਕੇ ਮੋਹਣਾਂ ਸੰਘਾ ਖੇਡ ਨਾ ਸਕਿਆ। ਇੰਗਲੈਂਡ ਦੀ ਟੀਮ ਨੇ ਤਕੜੇ ਮੈਚ ਖੇਡੇ। ਤਿੰਨ ਮੈਚ ਪਾਕਿਸਤਾਨ ਤੋਂ ਜਿੱਤੇ ਤੇ ਇਕ ਹਰੇ। ਕਬੱਡੀ ਦੇ ਪ੍ਰਮੋਟਰ ਖਵਾਜ਼ਾ ਅਹਿਮਦ ਅਵਾਸ ਨੇ ਮੌੜ ਨੂੰ 'ਕਬੱਡੀ ਦੇ ਬਾਬਾ ਬੋਹੜ' ਦਾ ਖਿਤਾਬ ਦਿਤਾ। ਮੌੜ ਸਾਹਿਬ ਦਾ ਵਾਹਵਾ ਮਾਣ-ਤਾਣ ਕੀਤਾ।

ਇੰਗਲੈਂਡ ਦੀ ਸੰਨ '੯੧ 'ਚ ਸੋਹਣ ਚੀਮਾਂ ਤੇ ਹਰਪਾਲ ਬਰਾੜ ਦੀ ਦੇਖ-ਰੇਖ ਹੇਠ ਫਿਰ ਇੰਗਲੈਂਡ ਦੀ ਫਿਰ ਪਾਕਿਸਤਾਨ ਗਈ। ਛਾਂਟ ਛਾਂਟ ਕੇ ਖਿਡਾਰੀ ਚੁੱਣੇਂ ਗਏ। ਜਿੰਨ੍ਹਾਂ 'ਚ ਕੁਲਦੀਪ ਮੱਲ੍ਹਾ, ਮੋਹਣਾ ਸੰਧਵਾਂ,ਪੰਮਾ ਪਾਸਲਾ,ਅਰਜਣ ਕਾਉਂਕੇ ਤੇ ਭੋਲਾ ਮਾਹਲਾ ਰੇਡਰ ਤੇ ਜਾਫ਼ੀਆਂ 'ਚ ਘੁੱਗੀ,ਚੁੰਨੀਂ ਪੱਤੜ, ਬਿੰਦਰ ਫ਼ਿਰੋਜ਼ਪੁਰ, ਬਿੱਟੂ ਸਾਊਥਹਾਲ ਤੇ ਸ਼ਿੰਦਾ ਅਮਲੀ ਸਨ।

ਕਬੱਡੀ ਦੇ ਪ੍ਰਸਿੱਧ ਕੋਚ ਮਦਨ ਲਾਲ ਗੋਗੀ ਦੀ ਟੀਮ ਮੌੜ ਸਾਹਿਬ ਦੀ ਮੇਹਰਬਾਨੀਂ ਸਦਕਾ ਤਿੰਨ ਸਾਲ ਇੰਗਲੈਂਡ ਖੇਡਣ ਜਾਂਦੀ ਰਹੀ। ਗੁਰਲਾਲ,ਬਿੱਟੂ ਦੁਗਾਲ,ਵੀਰ੍ਹਾ ਸਿਧਵਾਂ, ਜਾਦੂ ਤੇ ਫ਼ੰਤਾ ਖਿਡਾਰੀਆਂ ਨੇ ਤਿੰਨ ਸਾਲ ਫ਼ਸਵੇਂ ਮੈਚ ਖੇਡੇ ਤੇ ਤਿੰਨੇਂ ਸਾਲ ਜਿੱਤ ਦੇ ਕੱਪ ਚੱਕੇ। ਖਿਡਾਰੀਆਂ ਨੇ ਗੋਗੀ ਨੂੰ ਵਧੀਆ ਕੋਚ ਮੰਨਿਆ ਉਹਦੀ ਦੇਖ-ਰੇਖ ਹੇਠ ਖਿਡਾਰੀ ਹਮੇਸ਼ਾਂ ਨਸ਼ਾ-ਰਹਿਤ ਖੇਡੇ।

ਸੰਨ "67 'ਚ ਮੌੜ ਦਾ ਭਤੀਜਾ ਜਸਵੀਰ ਸਿੰਘ ਘੁੱਗੀ (ਮੌੜ ਦੇ ਵੱਡੇ ਭਾਈ ਸਰਪੰਚ ਚੇਤਨ ਸਿੰਘ ਦਾ ਬੇਟਾ) 14 ਸਾਲਾਂ ਦਾ ਸੀ ਜਦੋਂ ਉਹ ਇੰਗਲੈਂਡ ਚਲਾ ਗਿਆ। ਦੋ ਸਾਲ ਬਾਰਮੀਂਘਮ ਤੇ ਕਾਵੈਂਟਰੀ ਦੇ ਮੈਚ ਚਾਚੇ ਮੌੜ ਨਾਲ ਵੇਖਣ ਜਾਂਦਾ ਰਿਹੈ। ਆਮ ਤੌਰ 'ਤੇ ਸ਼ਨੀ-ਐਤਵਾਰ ਹੁੰਦੇ ਮੈਚ ਕਦੇ ਮਿਸ ਨਾ ਕੀਤੇ। ਘੁੱਗੀ ਦਾ ਕਬੱਡੀ ਸ਼ੌਕ ਵਧਦਾ ਗਿਆ। ਸੰਨ "69 'ਚ ਘੁੱਗੀ 16 ਸਾਲਾਂ ਦਾ ਹੋ ਗਿਆ। ਚਾਚੇ ਮੌੜ ਨੇ ਉਹਨੂੰ ਤੇ ਕੇਵਲ ਪਾਸਲਾ ਨੂੰ ਕਾਵੈਂਟਰੀ ਦੀ ਬੀ ਟੀਮ ਵਲੋਂ ਖਿਡਾ ਕੇ ਵੇਖਿਆ। ਫਿਰ ਵੁਲਵਹੈਂਮਟਨ ਦੇ ਟੂਰਨਾਂਮੈਂਟ ਖੇਡਿਆ। ਮੌੜ ਨੇ ਵੇਖਿਆ ਕਿ ਭਤੀਜ਼ਾ ਘੁੱਗੀ ਹੁਣ ਉਡਾਰੂ ਹੋ ਗਿਐ। ਫਿਰ ਤਾਂ ਚੱਲ ਸੋ ਚੱਲ। ਉਹਦੀ ਗੇਮ ਨਿਖਰਦੀ ਗਈ। ਕਈ ਸਾਲ ਘੁੱਗੀ ਨੇ ਤਕੜੀ ਕਬੱਡੀ ਖੇਡੀ ਅਤੇ ਚਾਚੇ ਮੌੜ ਅਤੇ ਪਰਿਵਾਰ ਦਾ ਸਿਰ ਮਾਣ ਨਾਲ ਉਚਾ ਕੀਤਾ।

ਸੰਨ "੭੫ 'ਚ ਮੌੜ ਸਾਹਿਬ ਵਲੋਂ "ਪੰਜਾਬ ਯੂਨਾਈਟਿਡ ਸਪੋਰਟਸ ਕਲੱਬ ਵੁਲਵਹੈਂਮਟਨ" ਦੀ ਸਥਾਪਨਾ ਕੀਤੀ। ਪੰਜਾਬ ਤੋਂ ਪਹਿਲੀ ਖੇਡਣ ਗਈ ਟੀਮ ਦੇ ਕੁਝ ਖਿਡਾਰੀ ਮੌੜ ਨੇ ਰੱਖ ਲਏ ਸਨ ਤੇ ਕੁਝ ਆਪਣੇਂ ਪਾਲੇ ਹੋਏ ਖਿਡਾਰੀ ਪਾ ਕੇ ਕਲੱਬ ਦੀ ਤਕੜੀ ਟੀਮ ਬਣਾ ਲਈ । ਜਿਨ੍ਹਾਂ 'ਚ ਸੁਰਜੀਤ ਗੱਛਾ ਸੈਦੋਵਾਲ, ਬਿੰਦਰ ਘੱਲ ਕਲਾਂ,ਬੰਸਾ ਸ਼ਾਹਕੋਟ , ਜਸਵੀਰ ਘੁੱਗੀ , ਜੱਸਾ ਨੱਥੂ ਚਾਹਲ, ਬਾਬਾ ਘੁਰਲੀ ਹੁਸ਼ਿਆਰਪੁਰ ,ਪਰਮਜੀਤ ਲਾਖਾ, ਲਹਿੰਬਰ ਲਿਤਰਾਂ, ਨਿੰਦਰ ਮਝੈਲ,ਗੇਲੀ ਖਹਿਰਾ, ਸੁਰਿੰਦਰ ਬੈਸ ਟੀਮ ਦੇ ਖਿਡਾਰੀ ਸਨ। ਇਨ੍ਹਾਂ ਖਿਡਾਰੀਆਂ ਨੇ ਇੰਗਲੈਂਡ 'ਚ ਤਕੜੇ ਮੈਚ ਖੇਡੇ ਤੇ ੮-੧੦ ਸਾਲ ਕੱਪ ਜਿੱਤ ਕੇ ਮੌੜ ਸਾਹਿਬ ਦੀ ਝੋਲੀ ਪਾਉਂਦੇ ਰਹੇ।

ਆਪਣੇਂ ਆਪ ਨੂੰ ਫਿੱਟ ਤੇ ਤਿਆਰੀ 'ਚ ਰੱਖਣ ਲਈ ਮੌੜ ਕੰਮ ਤੋਂ ਘਰ ਜਾ ਕੇ ਥੋੜਾ ਅਰਾਮ ਕਰਦਾ ਫਿਰ ਦੌੜ ਲਾਉਂਣ ਜਾਂਦਾ। ਕਿਉਂਕਿ ਕੋਈ ਵੀ ਪਹਿਲਵਾਨ ਜਾਂ ਖਿਡਾਰੀ ਕਦੇ ਟਿਕ ਕੇ ਨਹੀਂ ਬਹਿ ਸਕਦਾ। ਸਰੀਰ ਦੀ ਹਰਕਤ ਉਹਦੇ ਲਈ ਜਰੂਰੀ ਬਣ ਜਾਂਦੀ ਹੈ। ਪਹਿਲੀਆਂ 'ਚ ਮੌੜ ਨੇ ਕਬੱਡੀ ਮੈਚ ਵੀ ਲਾਇਆ। ਸਾਊਥਹਾਲ ਇਕ ਵਾਰ ਮੈਚ ਵੇਖਣ ਗਏ ਤਾਂ ਖਿਡਾਰੀ ਘੱਟ ਸਨ। ਮੌੜ ਸਾਹਿਬ ਕਹਿਣ ਲੱਗੇ,"ਮੁੰਡਿਓ ਖੋਲ੍ਹੋ ਕੱਪੜੇ।" ਜਸਵੀਰ ਘੁੱਗੀ,ਮੌੜ ਸਾਹਿਬ(ਚਾਚਾ ਭਤੀਜ਼ਾ), ਤੇ ਛੋਟਾ ਘੁੱਗੀ ਖੈਰਾ ਜਾਫ਼ੀ ਸਨ ਤੇ ਰੇਡਰਾਂ 'ਚ ਬਾਬਾ ਘੁਰਲੀ, ਲਾਖਾ ਪਰਮਜੀਤ ਤੇ ਸੁਰਜੀਤ ਸਨ। ਸੰਨ '੭੦-੭੧ ਦੀ ਗੱਲ ਹੈ ਇਹ।

ਮੌੜ ਸਾਹਿਬ ਗਰਾਂਉਂਡ 'ਚ ਕਈ ਵਾਰ ਖਿਡਾਰੀਆਂ ਨਾਲ ਦੌੜ ਲਾਉਂਦੇ। ਕਈ ਵਾਰ ਸੌ ਮੀਟਰ ਦੀ ਫ਼ਰਾਟਾ ਦੌੜ ਜਾਂ ਲੰਬੀ ਦੌੜ ਬਰਾਬਰ ਲਾ ਲੈਂਦੇਂ। ਲੰਮੀਂ ਦੌੜ 'ਚ ਗਰਾਂਉਂਡ ਦੇ ਕਈ ਕਈ ਚੱਕਰਾਂ 'ਚ ਨਾਲ ਦੇ ਥਕਾਵਟ ਮਹਿਸੂਸ ਕਰਨ ਲੱਗ ਪੈਂਦੇਂ। ਮੌੜ ਸਾਹਿਬ ਨੂੰ ਪਤਾ ਲੱਗ ਜਾਂਦਾ ਫਿਰ ਉਹਨੂੰ ਹੱਲਾ-ਸ਼ੇਰੀ ਦਿੰਦੇ। ਵੀਰ੍ਹਾ ਚਮਿਆਰਾ, ਬੰਸਾ, ਸੁਰਜੀਤ, ਲਹਿੰਬਰ ਤੇ ਹੋਰ ਖਿਡਾਰੀਆਂ ਨਾਲ ਮੌੜ ਸਾਹਿਬ ਬਰਾਬਰ ਦੌੜਦੇ ਰਹੇ ਹਨ।

ਘੁੱਗੀ ਤੇ ਅਰਜਣ ਕਾਉਂਕੇ ਖਿਡਾਰੀਆਂ ਦੀ ਖਾਸੀਅਤ ਇਹ ਸੀ ਕਿ ਜਿੰਨੀ ਤੇਜ਼ੀ ਨਾਲ ਉਹ ਅੱਗੇ ਨੂੰ ਦੌੜਦੇ ਸਨ। ਉਨੀ ਤੇਜ਼ੀ ਨਾਲ ਹੀ ਪਿਛਲ ਖੁਰੀਆਂ(ਪਿਛੇ ਨੂੰ)ਦੌੜ ਲੈਂਦੇ ਸਨ।

ਜੀਤਾ, ਘੁੱਗੀ ਤੇ ਲਾਖਾ(ਮੌੜ ਦੇ ਭਤੀਜੇ), ਜੱਸਾ ਨੱਥੂ ਚਾਹਲ (ਮੌੜ ਸਾਹਿਬ ਦੇ ਨਿਆਣਿਆਂ ਦਾ ਮਾਮਾ ਜੀ), ਮੌੜ ਸਾਹਿਬ ਦੇ ਭਤੀਜ਼ੇ ਤੇ ਰਿਸ਼ਤੇਦਾਰ ਨਾਮਵਰ ਖਿਡਾਰੀ ਰਹੇ। ਇਨ੍ਹਾਂ ਖਿਡਾਰੀਆਂ ਨੇ ਮੌੜ ਸਾਹਿਬ ਦਾ ਰਿਸ਼ਤੇਦਾਰੀ 'ਚ ਬੜਾ ਮਾਣ ਵਧਾਇਆ।

ਬਿੰਦਰ ਮਾਹਲ, ਕਾਟੋ ਤੇ ਪੱਪੂ ਗੁਰਦਾਸਪੁਰੀਏ ਨੂੰ ਮੌੜ ਨੇ ਪੇਪਰ ਭੇਜੇ। ਉਹ ਪੇਪਰ ਅੰਬੈਸੀ ਵਾਲਿਆਂ ਕਿਸੇ ਕਾਰਨ ਕਰਕੇ ਕੈਂਸਲ (ਰਫ਼ਿਊਜ਼) ਕਰ ਦਿਤੇ। ਫਿਰ ਰਾਹਦਾਰੀ(ਪੇਪਰ) ਲੈ ਕੇ ਖੁਦ ਮੌੜ ਗਿਆ ਤੇ ਉਨ੍ਹਾਂ ਨੂੰ ਨਾਲ ਲੈ ਕੇ ਇੰਗਲੈਂਡ ਗਿਆ। ਮੌੜ ਦੇ ਮਨ ਨੂੰ ਠੇਸ ਉਦੋਂ ਲੱਗਦੀ ਸੀ। ਜਦੋਂ ਬਹਾਨੇ ਨਾਲ ਪੈਸੇ ਲੈ ਲੈਂਦੇਂ ਸਨ। ਕਿਸੇ ਕਹਿਣਾ ਮੈਂ ਮਕਾਨ ਬਣਾਉਂਣੇ ਆ। ਕਿਸੇ ਨੇ ਕੁਛ...ਕਿਸੇ ਨੇ ਕੁਛ..। ਮੌੜ ਨੇ ਕਹਿਣਾ ਕਿ ਬਹਾਨੇਂ ਨਾ ਬਣਾਉਂ...ਆਹ ਚੱਕੋ 500-500 ਪੌਂਡ ਤੇ ਅਗਲੇ ਸਾਲ ਜੇ ਖੇਡਣਾ ਤਾਂ ਹੁਣੇਂ ਦੱਸ ਦਿਉ। ਜੇ ਨਾ ਵੀ ਖੇਡਣਾ ਹੋਇਆ ਤਾਂ ਵੀ...। ਮੌੜ ਨੂੰ ਪਸੰਦ ਨਹੀਂ ਸੀ ਕਿ ਉਹਦੇ ਨਾਲ ਕੋਈ ਝੂਠ ਬੋਲੇ ਜਾਂ ਬੇਵਕੂਫ਼ ਬਣਾਵੇ ।

ਬਲਵਿੰਦਰ ਫ਼ਿਡੂ ਵੀ ਮੌੜ ਦਾ ਮਨ ਪਸੰਦ ਖਿਡਾਰੀ ਰਿਹੈ। ਉਹਦੀ ਗੇਮ ਦਾ ਬੜਾ ਆਸ਼ਕ ਸੀ। ਸੁਰਜਣ ਚੱਠਾ ਤੇ ਸੋਹਣ ਸਿੰਘ ਚੀਮਾਂ ਹੁਣਾਂ ਦੇ ਸੱਦੇ 'ਤੇ ਫ਼ਿਡੂ ਇੰਗਲੈਂਡ ਖੇਡਣ ਆਉਂਦਾ ਰਿਹੈ। ਮੌੜ ਅਕਸਰ ਉਹਦੀ ਗੇਮ ਨੂੰ ਬੜਾ ਪਸੰਦ ਕਰਦਾ ਸੀ। ਮੌੜ ਦੀ ਇਛਾ ਹੁੰਦੀ ਸੀ ਕਿ ਤਕੜੇ ਤਕੜੇ ਖਿਡਾਰੀ ਉਹਦੀ ਕਲੱਬ ਵਲੋਂ ਖੇਡਣ। ਪੈਸੇ ਦੀ ਪ੍ਰਵਾਹ ਨਹੀਂ ਕਰਦਾ।

ਇਕ ਵਾਰ ਉਸ ਵੇਲੇ ਦੇ ਨਾਮਵਰ ਕਬੱਡੀ ਖਿਡਾਰੀ ਨਾਲ ਮੌੜ ਦੀ ਗੱਲ ਬਾਤ ਹੋ ਗਈ। ਮੌੜ ਨੇ ਉਹਨੂੰ 2500 ਪੌਂਡ ਪਹਿਲਾਂ ਹੀ ਦੇ ਦਿਤਾ। ਅਗਲੇ ਸਾਲ ਉਹ ਖਿਡਾਰੀ ਪੰਜਾਬ ਤੋਂ ਖੇਡਣ ਆਇਆ ਤਾਂ ਇੰਗਲੈਂਡ ਪਹੁੰਚ ਕੇ ਮਨ ਬਦਲ ਲਿਆ ਤੇ ਹੋਰ ਕਲੱਬ ਵਲੋਂ ਖੇਡਣ ਦੀ ਤਿਆਰੀ ਕਰ ਲਈ। ਅਗਲੇ ਦਿਨ ਮੈਚ ਸ਼ੁਰੂ ਹੋਣ ਲੱਗਾ ਤਾਂ ਗਰਾਂਉਂਡ ਵਿੱਚ ਜਾ ਕੇ ਮੌੜ ਉਸ ਖਿਡਾਰੀ ਦੇ ਮੂਹਰੇ ਜਾ ਖੜ੍ਹਾ ਹੋਇਆ। ਮੌੜ ਨੂੰ ਵੇਖਦੇ ਹੀ ਉਸ ਖਿਡਾਰੀ ਦੀਆਂ ਅੱਖਾਂ ਨੀਵੀਆਂ ਹੋ ਗਈਆਂ। ਮੌੜ ਨੇ ਉਸ ਨੂੰ ਪਿਛਲੇ ਸਾਲ ਦਿਤੇ 2500 ਪੌਂਡ ਦੀ ਮੰਗ ਕੀਤੀ। ਉਸ ਖਿਡਾਰੀ ਨੇ ਗਲਤੀ ਮੰਨੀਂ ਤੇ ਮੋਹਤਬਰਾਂ ਨੇ ਜ਼ੁੰਮੇਂਵਾਰੀ ਲੈ ਕੇ ਪੈਸੇ ਵਾਪਸ ਕੀਤੇ।

ਇਸੇ ਤਰ੍ਹਾਂ ਹੀ ਖ਼ੁਸ਼ੀ ਦੁੱਗਾਂ, ਬਿੱਟੂ ਦੁਗਾਲ ਤੇ ਸੰਦੀਪ ਦਿੜਬਾ ਹੁਣਾਂ ਨਾਲ ਪੈਸਿਆਂ ਦਾ ਲੈਣ-ਦੇਣ ਕਰਕੇ ਅਗਲੇ ਸਾਲ ਉਸ ਦੇ ਕਲੱਬ ਵਲੋਂ ਖੇਡਣ ਦੀ ਗੱਲ ਕਰ ਲਈ ਜਾਂਦੀ ਸੀ। ਕਈ ਵਾਰ ਖਿਡਾਰੀ ਮੌੜ ਵਲੋਂ ਖੇਡਣ ਦਾ ਵਾਅਦਾ ਕਰਕੇ ਜਿਆਦਾ ਪੈਸਿਆਂ ਦੇ ਲਾਲਚ ਵੱਸ ਹੋ ਕੇ ਅਗਲੇ ਸਾਲ ਕਿਸੇ ਹੋਰ ਕਲੱਬ ਵਲੋਂ ਖੇਡਣ ਲੱਗ ਪੈਂਦੇਂ ਸਨ। ਇਸੇ ਤਰ੍ਹਾਂ ਹੀ ਮੌੜ ਨਾਲ ਧੋਖਾ ਕਰਨ ਕਰਕੇ ਅਗਲੇ ਸਾਲ ਖੇਡਣ ਆਏ ਕਿਸੇ ਖਿਡਾਰੀ ਕੋਲੋਂ ਖੜ੍ਹੇ ਪੈਰ 1300 ਪੌਂਡ ਵਾਪਸ ਕਰਾਇਆ।

ਮੋਹਣਾ ਸੰਘਾ ਤੇ ਕਿਸ਼ਨ ਚੱਕ ਢੱਡਾ ਸੰਨ '84 'ਚ ਇੰਗਲੈਂਡ ਖੇਡਣ ਗਏ ਸਨ। ੩੪-੩੫ ਸਾਲ ਮੋਹਣਾ ਸੰਘਾ ਮੌੜ ਸਾਹਿਬ ਦੇ ਨਾਲ ਰਿਹੈ। ਬੜਾ ਨੇੜਿਉਂ ਤੱਕਿਆ ਤੇ ਆਸ਼ੀਰਵਾਦ ਲੈਦਾ ਰਿਹਾ। ਬੜਾ ਠੰਡਾ ਸੀਤ-ਸੁਭਾਅ,ਯਾਰਾਂ ਦਾ ਯਾਰ, ਪੱਲਿਉਂ ਖਰਚਾ ਕਰਨ ਅਤੇ ਹਰ ਇਕ ਦੇ ਨਾਲ ਖੜਨ ਵਾਲਾ ਦੇਵਤਾ ਇਨਸਾਨ ਮੰਨਿਆਂ ਮੌੜ ਨੂੰ। ਸਿਧਵਾਂ ਵਾਲਾ ਲੱਡੂ ਵੀ ਮੌੜ ਸਦਕਾ ਇੰਗਲੈਂਡ ਖੇਡਣ ਗਿਆ ਸੀ।

ਮੌੜ ਤੋਂ ਬਾਅਦ ਪਿੰਡ ਦੀ ਕਬੱਡੀ ਨੂੰ



ਉਚਾ ਚੁੱਕਣ ਲਈ ਜਤਿੰਦਰ ਲਾਲੀ ਦੀ ਵੱਡੀ ਦੇਣ ਹੈ। ਲਾਲੀ ਵੀ ਵਧੀਆ ਕਬੱਡੀ ਖਿਡਾਰੀ ਰਿਹੈ। ਸੰਨ '81 'ਚ ਉਹ ਆਪਣੇਂ ਮਾਤਾ-ਪਿਤਾ ਨਾਲ ਵੈਨਕੂਵਰ ਗਿਆ ਸੀ। '81-82 ਦੋ ਸਾਲ ਉਸ ਨੇ ਵੈਨਕੂਵਰ ਦੇ ਮੈਚ ਖੇਡੇ। ਸੰਨ '84 'ਚ ਲਾਲੀ ਵਲੋਂ ਕਬੱਡੀ ਟੀਮ ਕੈਨੇਡਾ ਸੱਦੀ ਗਈ। ਉਸ ਟੀਮ ਨੇ ਪਹਿਲਾਂ ਵੈਨਕੂਵਰ ਮੈਚ ਖੇਡੇ ਫਿਰ ਉਸੇ ਸਾਲ ਹੀ ਪਹਿਲੀ ਵਾਰ ਅਮਰੀਕਾ ਖੇਡਣ ਗਈ। ਟੀਮ ਦੇ ਗਿਆਨੀਂ ਮੋਠਾਆਲੀਆ ਤੇ ਸੋਖਾ ਨਿੱਝਰ ਦੋ ਖਿਡਾਰੀਆਂ ਨੂੰ ਛੱਡ ਬਾਕੀ ਸਾਰੇ ਖਿਡਾਰੀ 'ਕੱਲੇ ਪਿੰਡ ਕਾਲਾ-ਸੰਘਿਆ ਦੇ ਸਨ। ਖਿਡਾਰੀਆਂ 'ਚ ਮੱਖਣ ,ਸੋਖਾ ਨਿੱਜਰ,ਬਲਵਿੰਦਰ ਤਾਊ,ਸੁਰਿੰਦਰ ਸਿੰਘ ਜਾਫ਼ੀ ਸਨ ਤੇ ਰੇਡਰਾਂ 'ਚ ਗਿਆਨੀ ਮੋਠਾ ਆਲੀਆ,ਹਰਕੀਰਤ,ਅਮਰਜੀਤ ਪੱਪੂ,ਲੱਖੀ ਬੋਲਾ,ਦੀਪਾ, ਬਿਕਰ ਮਾਸਟਰ, ਬਿਕਰ, ਸਿਪਾਹੀ, ਚਰਨੀ ,ਤਾਜ਼ਾ,ਗੀਤਾ,ਗੁਰਦੀਪ,ਰੋੜਾ ਸਨ।

ਕੈਨੇਡਾ ਵਸਦੇ ਪਿੰਡ ਦੇ ਪੁਰਾਣੇਂ ਖਿਡਾਰੀ ਸ. ਭਜਨ ਸਿੰਘ ਸੰਘਾ ਨੂੰ ਮਾਣ ਹੈ ਮਹਿੰਦਰ ਮੌੜ ਅਤੇ ਸਾਰੇ ਪਰਿਵਾਰ 'ਤੇ। ਮੌੜ ਹੁਣੀਂ ਅਰਜਣ ਸਿੰਘ, ਚੇਤਨ ਸਿੰਘ(ਜੋ ਕਈ ਸਾਲ ਪਿੰਡ ਦਾ ਸਰਪੰਚ ਵੀ ਰਿਹੈ) ਜੋਗਿੰਦਰ ਸਿੰਘ,ਪਰਗਣ ਸਿੰਘ ਤੇ ਮਹਿੰਦਰ ਮੌੜ ਪੰਜ ਭਰਾ ਤੇ ਇਕ ਭੈਣ ਹੈ। ਛੇ ਫ਼ੁੱਟ ਤੋਂ ਸਾਰੇ ਲੰਬੇ ਕੱਦ-ਕਾਠ। ਇਨ੍ਹਾਂ ਦੇ ਮਾਤਾ ਅਤੇ ਪਿਤਾ ਸ. ਬੁੱਕਣ ਸਿੰਘ ਵੀ ਉਚੇ-ਲੰਬੇ ਸਨ। ਪੰਜੇ ਭਲਵਾਨ ਭਰਾ । ਸਾਰੇ ਪਰਿਵਾਰ ਨੂੰ ਭਲਵਾਨੀਂ ਤੇ ਹੋਰ ਖੇਡਾਂ ਦੇ ਸ਼ੌਕ ਤੋਂ ਇਲਾਵਾ ਹਲਟਾਂ ਦੀਆਂ ਦੌੜਾਂ ਦਾ ਵੀ ਸ਼ੌਕ ਸੀ। ਤਕੜੇ ਬਲਦਾਂ ਦੀਆਂ ਜੋੜੀਆਂ ਹਮੇਸ਼ਾਂ ਰਹੀਆਂ। ਉਹ ਸ਼ੌਕ ਅੱਜ ਤੱਕ ਚੱਲ ਰਿਹੈ।

ਮਹਿੰਦਰ ਮੌੜ ਦੀ ਪੁਰਾਣੀਂ ਮੇਹਨਤ ਤੇ ਤਿਆਰੀ ਪੈਰ ਪੈਰ 'ਤੇ ਕੰਮ ਆਉਂਦੀ ਰਹੀ। ਪਹਿਲੀਆਂ 'ਚ ਭਰਾਵਾਂ ਨਾਲ ਦਸਤ-ਪੰਜਾ, ਮਜ਼ਬੂਤ ਪਕੜਾਂ ਹੱਥ,ਪੈਰ ਤੇ ਸਰੀਰ ਦੀ ਤਾਕਤ ਨੇ ਬੜਾ ਸਾਥ ਦਿਤਾ। ਖੂਹ 'ਤੇ ਬਣੇਂ 'ਖਾੜੇ 'ਚ ਪੰਜੇ ਭਰਾ ਜ਼ੋਰ-ਅਜ਼ਮਾਈ ਕਰਦੇ। ਇਕ ਵਾਰ ਸਾਰੇ ਭਰਾ ਜ਼ੋਰ ਕਰ ਰਹੇ ਸਨ ਤਾਂ ਛੇ-ਛੇ, ਸਾਢੇ ਛੇ-ਸਾਢੇ ਛੇ ਫੁੱਟੇ ਭਰਾਵਾਂ ਨੂੰ ਜ਼ੋਰ ਕਰਦੇ ਵੇਖ ਕੋਲੋਂ ਲੰਘਦੀ ਇਕ ਮਕਾਣ(ਕਿਸੇ ਮਰਗ 'ਤੇ ਜਾਣ ਵਾਲੇ) ਦੇ ਬਜ਼ੁਰਗ ਕੋਲ ਆ ਕੇ ਬੈਠ ਗਏ ਤੇ ਪੁਛਣ ਲੱਗੇ," ਜੁਆਨੋਂ ਕੇਹੜਾ ਕੇਹੜਾ ਪਿੰਡ ਐ ਤਾ' 'ਡਾ...?

"ਸਾਡਾ ਪਿੰਡ ਤਾਂ ਆਹੀ ਆ ਜੀ...ਅਸੀਂ ਸਾਰੇ ਸਕੇ ਭਰਾ ਆਂ...!"ਰਸਮੀ ਜਿਹਾ ਭਲਵਾਨਾਂ ਨੇ ਜਵਾਬ ਦਿਤਾ।

"...'ਤਾ 'ਡੇ ਘਰ ਦੀਆਂ ਇਟਾਂ ਹੈਗੀਆਂ...?

".....ਕੀ ਮਤਲਬ ਬਜ਼ੁਰਗੋ.....?

"..ਮਤਲਬ ਏ ਐ ਘਰ ਦੀਆਂ ਇਟਾਂ ਬਗੈਰਾ ਖਾ ਗਏ ਹੋਣੇਂ ਆ...?

"..ਇਟਾਂ ਕੀ ਖਾਣੀਆਂ ਬਜ਼ੁਰਗੋ... ਘਰ 'ਚ ਲਬੇਰਾ ਈ ਬਹੁਤ ਐ...!

"ਧੰਨ ਹੈ ਘਰਦੇ..ਧੰਨ ਹੈ ਮਾਪੇ..ਜੇਹੜੇ ਅਜੇਹੇ ਸ਼ੇਰਾਂ ਨੂੰ ਪਾਲ ਰਹੇ ਨੇ....! ਧਰਤੀ ਨੂੰ ਮੱਥਾ ਟੇਕਦੇ ਉਹ ਬਜ਼ੁਰਗ ਤੁਰ ਪਏ।

ਕਹਿੰਦੇ ਨੇ ਉਨ੍ਹਾਂ ਦੀਆਂ ਖ਼ੁਰਾਕਾਂ ਬਹੁਤ ਹੁੰਦੀਆਂ ਸਨ। ਪਸ਼ੂਆਂ ਨੂੰ ਕਾੜ੍ਹਾ ਦੇਣ ਵਾਲੀ 'ਨਾਲ' ਨਾਲ ਘਿਉ ਪੀਦੇਂ ਸਨ। ਮੱਖਣ,ਦੁੱਧ,ਘਿਉ,ਰੋਟੀਆਂ ਦਾ ਤਾਂ ਕੋਈ ਹਿਸਾਬ ਈ ਨਹੀਂ ਹੁੰਦਾ।।

ਉਸ ਵੇਲੇ ਦੇ ਡੀ ਜੀ ਪੀ ਗੁਰਇਕਬਾਲ ਸਿੰਘ ਭੁੱਲਰ ਮੌੜ ਦੀ ਬੜੀ ਇਜ਼ਤ ਕਰਦਾ ਸੀ। ਮੌੜ ਜਦੋਂ ਪੰਜਾਬ ਗਿਆ ਤਾਂ ਭੁੱਲਰ ਸਾਹਿਬ ਉਹਦੇ ਪਿੰਡ ਕਾਲੇ-ਸੰਘੇ ਨੇ ਘੁੰਮਣ-ਫਿਰਨ ਲਈ ਜੀਪ ਤੇ ਗੰਨਮੈਨ ਭੇਜ ਦਿਤੇ। ਮੌੜ ਜਲੰਧਰ ਜਾ ਕੇ ਭੁੱਲਰ ਸਾਹਿਬ ਨੂੰ ਕਹਿਣ ਲੱਗਾ,"ਭੁੱਲਰ ਸਾਹਿਬ ਰੋਟੀ ਤਾਂ ਮੈਨੂੰ ਨੀ ਮਿਲਦੀ, ਉਨ੍ਹਾਂ ਨੂੰ ਕਿਥੋਂ ਖਿਲਾਉਂਗਾ...?"

ਮੌੜ ਨਾਂ ਕਿਵੇਂ ਪਿਆ..?.... ਛੋਟਾ ਹੁੰਦਾ ਮਹਿੰਦਰ ਸਿੰਘ ਹੱਡਾਂ-ਪੈਰਾਂ ਤੇ ਸਰੀਰ ਦਾ ਖੁਲ੍ਹਾ-ਡੁੱਲ੍ਹਾ ਸੀ। ਘਰਦਿਆਂ ਨੇ ਏਹਨੂੰ ਪੰਜਾਬ ਦੇ ਲੋਕ ਗੀਤਾਂ ਦੇ ਨਾਇਕ ਜਿਉਂਣੇਂ ਮੌੜ ਵਾਂਗ ਦਲੇਰ ਬਹਾਦੁਰ ਵੇਖਣ ਲੱਗੇ। ਘਰ ਦਾ ਜਦੋਂ ਵੀ ਕੋਈ ਕੰਮਕਾਰ ਹੋਣਾ ਤਾਂ ਘਰਦਿਆਂ ਨੇ ਏਹਨੂੰ ਮੌੜ ਕਹਿ ਕੇ ਅਵਾਜ਼ ਮਾਰਨੀਂ। ਮੌੜਾ ਆਹ ਕਰੀਂ....ਮੌੜਾ ਉਹ ਕਰੀਂ। ਇਸ ਤਰ੍ਹਾਂ ਘਰਦਿਆਂ ਤੋਂ ਪਿੰਡ ਦੇ ਲੋਕਾਂ 'ਚ । ਪਿੰਡ ਦੇ ਲੋਕਾਂ ਤੋਂ ਇਲਾਕੇ 'ਚ ਮੌੜ..ਮੌੜ ਹੋ ਗਈ। ਫਿਰ ਤਾਂ ਖੇਡ ਹਲਕਿਆਂ 'ਚ ਮੌੜ ਨਾਂ ਦੀ ਚਰਚਾ ਹੋਣ ਲੱਗੀ। ਉਦੋਂ ਤੋਂ ਲੈ ਅੱਜ ਤੱਕ ਖੇਡ-ਦੁਨੀਆਂ, ਪ੍ਰੇਮੀਆਂ ਤੇ ਖਿਡਾਰੀਆਂ 'ਚ ਮੌੜ...ਮੌੜ ਦੀਆਂ ਧੁੰਮਾਂ ਪਈਆਂ ਹੋਈਆਂ ਨੇ। "80-82 ਸਾਲਾਂ ਦੇ ਚੁੱਕੇ ਸ. ਭਜਨ ਸਿੰਘ ਸੰਘਾ ਨੇ ਇਹ ਦਿਲਚਸਪ ਵਾਰਤਾ ਸਾਂਝੀ ਕੀਤੀ ਜੋ ਸਰਬਣ ਬੱਲ, ਰਤਨ ਟਿੱਬਾ, ਅਜੀਤ ਸਠਿਆਲਾ ਤੇ ਅਮਰੀਕ ਗੜ੍ਹਦੀਵਾਲਾ ਹੁਣਾਂ ਨਾਲ ਖੇਡਦਾ ਰਿਹੈ। ਸੰਨ '68 'ਚ ਭਜਨ ਸਿੰਘ ਦਾ ਕਬੱਡੀ 'ਚ ਪੂਰਾ ਨਾਂ ਸੀ।

ਖੇਡਾਂ ਤੇ ਕੁਸ਼ਤੀਆਂ 'ਚ ਸ. ਭਜਨ ਸਿੰਘ ਨੇ ਮੰਨਿਆਂ ਕਿ ਉਹਦੇ ਬਾਪ-ਦਾਦਾ ਤੋਂ ਪਹਿਲਾਂ ਦੀਆਂ ਕੁਸ਼ਤੀਆਂ ਹੋ ਰਹੀਆਂ ਨੇ। 100 ਸਾਲ ਦੇ ਲਗਪਗ। ਕਾਲੇ-ਸੰਘਿਆਂ ਦੀ ਛਿੰਝ ਇਲਾਕੇ ਭਰ 'ਚ ਮਸ਼ਹੂਰ ਹੈ ਤੇ ਇਥੇ ਸ਼ੰਕਰੀਏ ਗੁਰਦਾਵਰ ਤੇ ਮੇਹਰਦੀਨ ਵਰਗੇ ਕੁਸ਼ਤੀਆਂ ਲੜਨ ਆਉਂਦੇ ਰਹੇ ਹਨ। ਮਹਿੰਦਰ ਮੌੜ ਦੇ ਪਰਿਵਾਰ ਵਲੋਂ ਹਰ ਸਾਲ ਪਿੰਡ ਵਿੱਚ ਕੁਸ਼ਤੀਆਂ ਕਰਵਾਈਆਂ ਜਾਦੀਆਂ ਹਨ।

ਹਰ ਸਾਲ ਆਨੰਦਪੁਰ ਸਾਹਿਬ ਹੋਲੇ-ਮਹੱਲੇ 'ਤੇ ਕਬੱਡੀ ਮੈਚ ਕਰਾਏ ਜਾਂਦੇ ਹਨ। ਉਹ ਮੈਚ ਇੰਗਲੈਂਡ ਰਹਿੰਦੇ ਮੌੜ ਦੇ ਸ਼ਗਿਰਦਾਂ ਵਲੋਂ ਕਰਵਾਏ ਜਾਂਦੇ ਹਨ। ਉਨ੍ਹਾਂ ਮੈਚਾਂ ਵਿਚ ਮੌੜ ਸਾਹਿਬ ਦਾ ਵੱਡਾ ਯੋਗਦਾਨ ਹੁੰਦੈ। ਮੌੜ ਸਾਹਿਬ ਦੀ ਕਬੱਡੀ ਪ੍ਰਤੀ ਵੱਡੀ ਦੇਣ ਕਰਕੇ ਆਨੰਦਪੁਰ ਸਾਹਿਬ ਦੇ ਕਬੱਡੀ ਮੈਚਾਂ 'ਚ ਇੰਗਲੈਂਡ ਰਹਿੰਦੇ ਸ.ਪਿਆਰਾ ਸਿੰਘ ਗੁੰਮਟਾਲਾ ਨੇ ਘੋੜੀ ਦਿਤੀ ਤੇ ਅਗਲੇ ਸਾਲ ਰਾਜਸਥਾਨ ਤੋਂ ਮੰਗਵਾ ਕੇ ਬੋਤੀ ਦਿਤੀ ਸੀ। ਉਹਨੇਂ ਇਹ ਵੀ ਕਿਹਾ ਸੀ ਕਿ ਮੌੜ ਸਾਹਿਬ ਨੂੰ ਹਰ ਸਾਲ ਕੁਛ ਨਾ ਕੁਛ ਤੋਹਫ਼ਾ ਜਰੂਰ ਭੇਟ ਕਰਿਆ ਕਰੇਗਾ।

ਮੌੜ ਨੇ ਹਰ ਇਕ ਦਾ ਭਲਾ ਕਰਨ ਦੀ ਕੋਸ਼ਿਸ਼ ਕੀਤੀ। 72-73 ਤੋਂ ਲੈ ਅੱਜ ਤੱਕ ਬੜੇ ਖਿਡਾਰੀ ਇੰਗਲੈਂਡ ਸੱਦੇ ਤੇ ਵਿਆਹ ਕਰਵਾ ਕੇ ਸੈਂਟਲ ਕੀਤੇ। ਕਈਆਂ ਦਾ ਬਾਪ ਬਣ ਕੇ ਮਿਲਣੀਆਂ ਕੀਤੀਆਂ ਤੇ ਪੂਰੀਆਂ ਜ਼ੁੰਮੇਂਵਾਰੀਆਂ ਨਿਭਾਈਆਂ। ਘਰ ਵਾਲੀ ਨਸੀਬ ਕੌਰ ਨੇ ਵੀ ਉਹਦੇ ਮੋਢੇ ਨਾਲ ਮੋਢਾ ਜੋੜ ਕੇ ਰੱਖਿਆ। ਮਾਵਾਂ ਵਾਲੇ ਸਾਰੇ ਸ਼ਗਨ-ਵਿਹਾਰ ਕੀਤੇ। ਪਾਣੀਂ ਵਾਰ ਕੇ ਪੀਤੇ। ਉਹਦੇ ਘਰ ਮਿਲਣੀਆਂ ਦੇ ਪਤਾ ਨਹੀਂ ਕਿਨ੍ਹੇ ਕੁ ਕੰਬਲ, ਸੋਨੇ ਦੀਆਂ ਮੁੰਦਰੀਆਂ, ਕੜੇ ਪਏ ਹੁੰਦੇ ਜੋ ਬਾਪ ਬਣ ਕੇ ਜ਼ੁੰਮੇਂਵਾਰੀਆਂ ਨਿਭਾਈਆਂ ਸਨ। ਰਿਸ਼ਤਾ ਕਰਨ ਲੱਗੇ ਨੇ ਉਨ੍ਹੇ ਕਿਸੇ ਵੀ ਪਰਿਵਾਰ ਨੂੰ ਕਦੇ ਨਹੀਂ ਸੀ ਪੁਛਿਆਂ। ਬੱਸ ਅਗਲੇ ਨੂੰ ਦੱਸ ਦੇਣਾ ਕਿ ਉਹਦੇ ਨਿਆਣੇਂ ਮੁੰਡੇ ਜਾਂ ਕੁੜੀ ਦਾ ਰਿਸ਼ਤਾ ਕਰ ਦਿਤਾ ਹੈ। ਕੋਈ ਵੀ ਕਦੇ ਮੁਨਕਰ ਨਹੀਂ ਸੀ ਹੁੰਦਾ ਤੇ ਨਾ ਹੀ ਕਿਸੇ ਮੱਥੇ ਵੱਟ ਪਾਇਆ। ਸਗੋਂ ਖਿੜੇ ਮੱਥੇ ਕਬੂਲਦੇ। ਲੋਕਾਂ ਨੂੰ ਪੂਰਾ ਯਕੀਨ ਸੀ ਕਿ ਮੌੜ ਜੋ ਵੀ ਕਰਦਾ, ਚੰਗਾ ਤੇ ਭਲਾਈ ਲਈ ਹੀ ਕਰਦੈ।

ਸੁਨਿਆਰੇ ਵੀ ਬੜੇ ਵਾਕਫ਼ ਸਨ। ਜਦੋਂ ਕਿਸੇ ਦਾ ਵਿਆਹ ਹੋਣਾ ਤਾਂ ਸਾਈਜ਼ ਤਾਂ ਨਹੀਂ ਸੀ ਪਤਾ ਹੁੰਦਾ। ਮੌੜ ਨੇ ਕਹਿਣਾ 5-6 ਮੁੰਦੀਆਂ ਦੇ ਦੇ,ਜਿਹੜੀ ਮੇਚ ਆ ਗੀ...ਰੱਖ ਲਾ ਗੇ..ਬਾਕੀ ਵਾਪਸ ਕਰ ਦਾ' 'ਗੇਂ। ਸੁਨਿਆਰਿਆਂ ਨੂੰ ਪੂਰਾ ਯਕੀਨ ਹੁੰਦਾ ਸੀ। ਕਦੇ ਪੈਸੇ ਨਹੀਂ ਸੀ ਪੁਛੇ।

ਸੰਨ "77 'ਚ ਕਬੱਡੀ ਦਾ ਪ੍ਰਸਿੱਧ ਖਿਡਾਰੀ ਪੱਤੜੀਏ ਬੋਲਾ 'ਇੰਗਲੈਂਡ ਖੇਡਣ ਆਇਆ ਸੀ। ਮੌੜ ਦੀ ਕੋਸ਼ਿਸ਼ ਸੀ ਕਿ ਬੋਲੇ ਨੂੰ ਵਾਪਸ ਨਾ ਜਾਣ ਦਿਤਾ ਜਾਵੇ। ਰਾਤੋ-ਰਾਤ ਕਈ ਪਾਸੇ ਰਿਸ਼ਤਿਆਂ ਦੀ ਗੱਲ ਚਲਾਈ ਪਰ ਕਿਸੇ ਕਾਰਨ ਕਰਕੇ ਵਾਪਸ ਜਾਣਾ ਪਿਆ। ਉਹਦਾ ਬਾਅਦ ਦੋ ਵਾਰ ਇੰਗਲੈਂਡ ਏਅਰ-ਪੋਰਟ 'ਤੇ ਚੱਕਰ ਪੈਂਦਾਂ ਰਿਹਾ। ਮੌੜ ਸਾਹਿਬ ਨੇ ਬੜੀ ਨੱਠ-ਭੱਜ ਕੀਤੀ। ਹਰ ਤਰ੍ਹਾਂ ਨਾਲ ਜ਼ੁੰਮੇਂਵਾਰੀ ਲਈ। ਬੜਾ ਜੋਰ ਮਾਰਿਆ। ਭਤੀਜ਼ੇ ਘੁੱਗੀ ਨੇ ਆਪਣੀਂ ਸ਼ਾਪ ਦੀ ਗਾਰੰਟੀ ਲਈ ਪਰ ਗੱਲ ਨਾ ਬਣੀਂ। ਬੋਲਾ ਅੱਜ ਉਹਦੀ ਕੁਰਬਾਨੀਂ ਨੂੰ ਯਾਦ ਕਰਦਾ ਹੈ ਤੇ ਉਹਨੂੰ ਜਿੰਦਾ-ਦਿਲ ਇਨਸਾਨ ਤੇ ਰੱਬ ਰੂਹ ਭਗਤ ਮੰਨਿਐ।

ਇਸੇ ਤਰ੍ਹਾਂ ਹੀ ਕਬੱਡੀ ਦੇ ਪ੍ਰਸਿੱਧ ਖਿਡਾਰੀ ਸ਼ਿੰਦਾ ਅਮਲੀ ਨੂੰ ਪੱਕਾ ਕਰਵਾਉਂਣ ਲਈ ਮੌੜ ਸਾਹਿਬ ਦਾ ਵੱਡਾ ਯੋਗਦਾਨ ਹੈ। ਸ਼ਿੰਦੇ ਦੀ ਤਕੜਾ ਖਿਡਾਰੀ ਸੀ। ਮੈਚਾਂ ਦੌਰਾਨ ਮੌੜ ਸਾਹਿਬ ਨੇ ਅਨਾਊਂਮੈਂਟ ਕਰਵਾ ਦਿਤੀ ਸੀ ਕਿ ਜੇਹੜਾ ਕਲੱਬ ਸ਼ਿੰਦੇ ਨੂੰ ਪੱਕਾ ਕਰਵਾਏਗਾ, ਉਹ ਉਸੇ ਕਲੱਬ ਵਲੋਂ ਖੇਡੇਗਾ। ਸਾਰਿਆਂ ਨੇ ਬੜੀ ਨੱਠ-ਭੱਜ ਕੀਤੀ। ਕੋਈ ਗੱਲ ਨਾ ਬਣੀਂ। ਵੀਜ਼ੇ ਦੀ ਮਿਆਦ ਵੀ ਦੋ ਦਿਨ ਦੀ ਰਹਿ ਗਈ ਸੀ। ਉਹ ਜ਼ੁਮੇਂਵਾਰੀ ਦੀ ਕਮਾਂਨ ਫਿਰ ਮੌੜ ਨੇ ਸੰਭਾਲ ਲਈ। ਤੀਰ ਨਿਸ਼ਾਨੇਂ 'ਤੇ ਜਾ ਲੱਗਾ। ਦੋ ਦਿਨਾਂ ਦੀ ਭੱਜ-ਦੌੜ ਦੀ ਮੇਹਨਤ ਰੰਗ ਲਿਆਈ। ਮੌੜ ਨੇ ਦੋ ਦਿਨਾਂ 'ਚ ਰਿਸ਼ਤਾ ਲੱਭ ਲਿਆ। ਖੜੇ ਪੈਰ ਪੱਲਿਉਂ ੨੫੦੦ ਪੌਂਡ ਖਰਚ ਕੇ ਵਕੀਲ ਕੀਤਾ ਤੇ ਸ਼ਿੰਦੇ ਦਾ ਵਿਆਹ ਕਰਵਾਇਆ । ਅਫ਼ਸੋਸ ਸ਼ਿੰਦਾ ਅੱਜ ਸਾਡੇ ਵਿਚਕਾਰ ਨਹੀਂ ਹੈ।

ਬਹੁਤ ਖਿਡਾਰੀਆਂ ਦੇ ਵਿਆਹ ਕਰਾਉਂਣ ਕਰਕੇ ਵੁਲਵਹੈਂਮਟਨ ਦਾ ਰਜਿਸਟਰਾਰ ਵੀ ਮੌੜ ਦਾ ਵਾਕਫ਼ ਹੋ ਗਿਆ। ਰਜਿਸਟਰਾਰ ਨੂੰ ਸ਼ੱਕ ਜੇਹੀ ਹੋ ਗਈ ਕਿ ਇਹ ਕੋਈ ਗਲਤ ਕੰਮ ਕਰਦੈ। ਮੌੜ ਨੂੰ ਕਹਿੰਦਾ ਸਾਰਿਆਂ ਦਾ ਬਾਪ ਤੂੰ ਹੀ ਬਣਦੈ ਹੋਰ ਕੋਈ ਕਿਉਂ ਨਹੀਂ..?..ਮੌੜ ਨੂੰ ਬਹੁਤੀ ਇੰਗਲਿਸ਼ ਤਾਂ ਨਹੀਂ ਸੀ ਸਮਝ ਲੱਗੀ। ਪਰ ਨਾਲ ਦੇ ਮੁੰਡੇ ਨੂੰ ਕਿਹਾ ਕਿ ਏਹਨੂੰ ਕਹਿ ਕਿ ਜੀਹਦੇ ਪਿਛੇ ਕੋਈ ਨਹੀਂ, ਉਹਦੇ ਪਿਛੇ ਮੌੜ ਖੜ੍ਹਦੈ।

ਪੰਜਾਬ ਤੋਂ 8-8 , 9-9 ਖਿਡਾਰੀ ਉਹਦੇ ਘਰ ਆਏ ਰਹਿੰਦੇ। ਹਰ ਇਕ ਦਾ ਰਹਿਣ-ਸਹਿਣ ਦਾ, ਰੋਟੀ-ਪਾਣੀ ਦਾ ਪੂਰਾ ਖਿਆਲ ਰੱਖਿਆ ਜਾਂਦਾ। ਸੇਬ,ਕੇਲੇ, ਸੰਤਰੇ ਹੋਰ ਫ਼ਰੂਟਾਂ ਦੀਆਂ ਪੇਟੀਆਂ ਪਈਆਂ ਰਹਿੰਦੀਆਂ। ਮਾਤਾ ਨਸੀਬ ਕੌਰ ਦੀ ਮੌਤ ਤੋਂ ਬਾਅਦ ਉਹ ਖਿਡਾਰੀ ਬੜਾ ਰੋਏ ਜਿਨ੍ਹਾਂ ਨੇ ਉਹਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਖਾਧੀਆਂ ਸੀ। ਤੇ ਮਾਵਾਂ ਵਾਲਾ ਪੂਰਨ ਪਿਆਰ ਲਿਆ ਸੀ।

ਮੌੜ ਸਾਹਿਬ ਨੇ ਇਕ ਵਾਰ "ਪੈਨਮ ਏਅਰ-ਲਾਇਨ" ਦੀ ਪੂਰੀ ਦੀ ਪੂਰੀ ਫ਼ਲਾਇਟ ਬੁੱਕ ਕਰਾ ਲਈ ਸੀ। ਵੈਨਕੂਵਰ ਕਾਮਰੇਡਾਂ ਦਾ ਟੂਰਨਾਂਮੈਂਟ ਸੀ ਤੇ ਫ਼ਲਾਇਟ ਸਿੱਧੀ ਸ਼ਾਇਦ ਨਹੀਂ ਸੀ ਮਿਲ ਰਹੀ । ਵਾਇਆ ਸ਼ਿਆਟਲ ਜਾਣਾ ਪਿਆ। ਸਾਰਾ ਜਹਾਜ਼ ਕਬੱਡੀ, ਫ਼ੁੱਟਬਾਲ ,ਹਾਕੀ, ਪਹਿਲਵਾਨਾਂ ਅਤੇ ਹੋਰ ਖਿਡਾਰੀਆਂ ਨਾਲ ਭਰਿਆ ਪਿਆ ਸੀ। ਉਹ ਫ਼ਲਾਈਟ ਸ਼ਿਆਟਲ ਗਈ। ਫਿਰ ਉਥੋਂ ਕਾਰਾਂ, ਵੈਨਾਂ ਰਾਹੀਂ ਵੈਨਕੂਵਰ ਪਹੁੰਚੇ। ਸ. ਸੋਹਣ ਸਿੰਘ ਚੀਮਾਂ ਵੀ ਮੌੜ ਨਾਲ ਸੀ ਉਸ ਵੇਲੇ।

ਸਮੂਹ ਪਰਿਵਾਰ ਵਲੋਂ ਮੌੜ ਦਾ 75ਵਾਂ ਜਨਮ ਦਿਨ ਬੜੀ ਧੂੰਮ-ਧਾਮ ਨਾਲ ਮਨਾਇਆ ਗਿਆ। ਜਨਮ ਦਿਨ ਦੀ ਪਾਰਟੀ 'ਚ ਇੰਗਲੈਂਡ ਦੀਆਂ ਪ੍ਰਸਿੱਧ ਹਸਤੀਆਂ, ਪ੍ਰਮੋਟਰ,ਖਿਡਾਰੀ,ਖੇਡ-ਪ੍ਰੇਮੀਂ ਤੇ ਯਾਰ-ਬੇਲੀ ਹਾਜ਼ਰ ਹੋਏ। 11-1200 ਦੇ ਲਗਪਗ ਮਿੱਤਰ-ਸਨੇਹੀ ਹਾਜ਼ਰ ਸਨ। ਕਿਸੇ ਨੇ ਕੜਾ,ਕਿਸੇ ਨੇ ਮੁੰਦੀ, ਕਿਸੇ ਨੇ ਚੈਨੀ,ਪਤਾ ਨੀ ਕਿਨਾਂ ਕੁ ਸੋਨਾ 'ਕੱਠਾ ਹੋ ਗਿਆ ਹੋਵੇ। ਪਿਆਰ ਭੇਟਾ ਮਿਲਿਆ ਸਭ ਸੋਨਾ, ਗੋਲਡ-ਮੈਡਲ ਦੇ ਤੌਰ 'ਤੇ ਮੌੜ ਸਾਹਿਬ ਲਈ ਪਿਆਰ ਨਿਸ਼ਾਨੀ ਸੀ।

ਮੌੜ ਸਾਹਿਬ ਇਕ ਵਾਰ ਲੁਧਿਆਣੇਂ ਮੈਚ ਵੇਖਣ ਗਏ। ਉਹ ਸਟੇਜ਼ ਤੋਂ ਹੇਠਾਂ ਹੀ ਕੁਰਸੀ 'ਤੇ ਬੈਠ ਗਏ। ਮੌੜ ਸਾਹਿਬ ਨੂੰ ਸਟੇਜ਼ 'ਤੇ ਬੈਠਣ ਦੀ ਕਦੇ ਲਾਲਸਾ ਨਹੀਂ ਸੀ ਹੁੰਦੀ। ਸਿੱਧੇ-ਸਾਦੇ ਇਨਸਾਨ ਨੂੰ ਜਿਥੇ ਕੁਰਸੀ ਮਿਲੀ, ਬੈਠ ਗਿਆ। ਕਿਸੇ ਨੇ ਪ੍ਰਬੰਧਕਾਂ ਨੂੰ ਦੱਸ ਦਿਤਾ ਕਿ ਮੌੜ ਮੈਚ ਵੇਖਣ ਆਇਆ ਹੋਇਐ। ਲੋਕੀ ਮੈਚ ਦੁਆਲਿਉਂ ਹੱਟ ਕੇ ਮੌੜ ਸਾਹਿਬ ਦੁਆਲੇ 'ਕੱਠੇ ਹੋਣ ਲੱਗ ਪਏ ਕਿ ਵੇਖ ਤਾਂ ਲਈਏ,ਕੇਹੜਾਂ ਫ਼ਰਿਸ਼ਤਾ ਹੈ। ਕਿਉਂਕਿ ਮੌੜ ਸਾਹਿਬ ਨੇ ਲੁਧਿਆਣੇਂ ਵਿੱਚੋਂ ਦੇਵੀ ਦਿਆਲ, ਦਰਬਾਰ ਬੋਲਾ,ਦਰਸ਼ਣ ਮੰਗਲੀ,ਸਵਰਨਾ,ਪਾਲੀ, ਗੋਲਾ, ਮੇਜਰ ਸਿੰਘ ਵਰਗੇ ਅਨੇਕਾਂ ਖਿਡਾਰੀ ਇੰਗਲੈਂਡ ਲੈ ਕੇ ਗਿਆ ਸੀ। ਮੌੜ ਦੀ ਇਹ ਖਾਸੀਅਤ ਸੀ ਕਿ ਉਹ ਕਦੇ ਮੂਹਰੇ ਹੋ ਕੇ ਫ਼ੋਟੋ ਖਿਚਵਾਉਂਣ ਦਾ ਸ਼ੌਕੀਨ ਨਹੀਂ ਸੀ। ਉਹਦਾ ਕਥਨ ਸੀ ਕਿ ਹਮੇਸ਼ਾਂ ਚੰਗੇ ਕੰਮ ਕਰੋ ਤੇ ਲੋਕੀ ਤੁਹਾਨੂੰ ਮਾਣ ਨਾਲ ਆਪ ਮੂਹਰੇ ਲੈ ਕੇ ਜਾਣ।

ਇਸੇ ਸਾਲ ਫ਼ਰਬਰੀ ਮਹੀਨੇ ਇੰਗਲੈਂਡ ਰਹਿੰਦੇ "ਬਾਬਾ ਕਾਹਨ ਦਾਸ ਸਪੋਰਟਸ ਕਲੱਬ ਕਾਲਾ-ਸੰਘਿਆਂ" ਦੇ ਪ੍ਰਧਾਨ ਗੁਰਦੇਵ ਸਿੰਘ "ਪੰਛੀ" ਪੱਪੂ ਨੇ ਪਿੰਡ ਦੇ ਟੂਰਨਾਂਮੈਂਟ ਵਿੱਚ ਮੌੜ ਸਾਹਿਬ ਨੂੰ ਗੋਲਡ-ਮੈਡਲ ਨਾਲ ਸਨਮਾਨਿਤ ਕੀਤਾ। ਕਬੱਡੀ ਪ੍ਰਤੀ ਵੱਡੀ ਦੇਣ ਅਤੇ ਵਿਦੇਸ਼ਾਂ 'ਚ ਪਿੰਡ ਦਾ ਨਾਂ ਉਚਾ ਕਰਨ ਕਰਕੇ ਮਾਣ ਬਖਸ਼ਿਆ। ਖੇਡਾਂ ਨੂੰ ਪ੍ਰਮੋਟ ਕਰਨ ਲਈ ਕਾਲਾ-ਸੰਘਿਆਂ ਦੇ ਜਤਿੰਦਰ ਸਿੰਘ ਲਾਲੀ ਵੀ ਮੌੜ ਸਾਹਿਬ ਦੇ ਰਾਹਾਂ 'ਤੇ ਚੱਲ ਰਿਹਾ ਹੈ।

ਪਿੰਡ ਦੇ ਪੁਰਾਣੇਂ ਤੇ ਨਵੇਂ ਖਿਡਾਰੀਆਂ ਵੱਲ੍ਹ ਵੀ ਝਾਤ ਮਾਰ ਲਈਏ। ਸ. ਭਜਨ ਸਿੰਘ ਤੇ ਪਾਲ ਸਿੰਘ(ਦੋਵੇਂ ਸਕੇ ਭਰਾ),ਪਰਮਜੀਤ ਲਾਖਾ ਤੇ ਜਸਵੀਰ ਘੁੱਗੀ (ਦੋਵੇਂ ਸਕੇ ਭਰਾ), ਮੋਹਣਾ ਤੇ ਪੱਪੂ ਖੱਬਾ (ਦੋਵੇ ਭਰਾ),ਜਤਿੰਦਰ ਲਾਲੀ, ਜੀਤਾ ਮੌੜ,ਬਿਕਰ ਮਾਸਟਰ,ਤਾਊ,ਮੱਖਣ ,ਰੋੜਾ,ਪੱਪੂ ਖੱਬਾ, ਲੱਖੀ, ਤੋਚੀ, ਦੀਪਾ, ਜਵਾਹਰਾ, ਤੋਚੀ, ਚਰਨਜੀਤ,ਦੇਵ ਤੇ ਫ਼ੁੱਲ।

ਮੌੜ ਸਾਹਿਬ ਪਿੰਡ ਦੇ ਜਦੋਂ ਕਿਸੇ ਗੱਭਰੂ ਮੁੰਡੇ ਵੱਲ੍ਹ ਨਿਗ੍ਹਾ ਮਾਰਦੇ ਤਾਂ ਥਾਪੜਾ ਦੇ ਕੇ ਕਹਿਣਾ,"ਜੁਆਨਾਂ ਮੇਹਨਤ ਕਰ ਸੇਹਿਤ ਬਣਾ।" ਕਾਲੇ-ਸੰਘਿਆਂ 'ਚ ਕਬੱਡੀ ਦੇ ਬੜੇ ਨਾਮਵਰ ਖਿਡਾਰੀ ਹੋਏ ਨੇ। ਹੁਣ ਵੀ ਉਠ ਰਹੇ ਪਿੰਡ ਦੇ ਕਈ ਖਿਡਾਰੀਆਂ ਨੂੰ ਮੌੜ ਸਾਹਿਬ ਖ਼ੁਰਾਕ ਦੇ ਰਹੇ ਨੇ।

ਮੌੜ ਨੇ ਨਡਾਲੇ ਵਾਲੇ ਪ੍ਰੀਤੇ ਤੋਂ ਲੈ ਕੇ ਸੰਦੀਪ ਲੁੱਧੜ ਤੱਕ ਦੇ ਖਿਡਾਰੀ ਖੇਡਣ ਲਈ ਇੰਗਲੈਂਡ ਸੱਦੇ। ਜਾਣਿ ੬ ਪੀੜੀਆਂ ਦੇ ਖਿਡਾਰੀਆਂ ਨੂੰ ਹੱਥੀ ਖਿਡਾ ਦਿਤਾ। ਪ੍ਰਮਾਤਮਾ ਨੇ ਇਹ ਬੜਾ ਮਾਣ ਮੌੜ ਸਾਹਿਬ ਨੂੰ ਦਿਤਾ। ਪ੍ਰੀਤੇ ਨੇ ਮੌੜ ਨੂੰ ਖੁਲ੍ਹ-ਦਿਲਾਂ ਤੇ ਕਬੱਡੀ ਨੂੰ ਬੁਲੰਦੀਆਂ 'ਤੇ ਲਿਜਾਣ ਵਾਲਾ ਇਨਸਾਨ ਮੰਨਿਆਂ। ਪ੍ਰੀਤੇ ਨੇ ਇਹ ਵੀ ਦੱਸਿਆ ਕਿ ਸੰਨ "74 'ਚ ਜਦੋਂ ਉਹ ਪਹਿਲੀ ਵਾਰ ਟੀਮ ਨਾਲ ਖੇਡਣ ਗਿਆ ਸੀ ਤਾਂ ਮੌੜ ਸਾਹਿਬ ਨੇ ਉਹਦੀ ਗੇਮ ਨੂੰ ਬੜਾ ਪਸੰਦ ਕੀਤਾ ਸੀ ਤੇ ਨਾਲ ਦੇ ਸਾਥੀਆਂ ਨੂੰ ਮੌੜ ਕਹਿਣ ਲੱਗਾ ਕਿ ਦੋ ਸਾਲ ਪਹਿਲਾਂ ("72 'ਚ) ਜਦੋਂ ਬੱਲ ਨੂੰ ਇੰਗਲੈਂਡ ਸੱਦਿਆ ਸੀ ਤਾਂ ਪ੍ਰੀਤੇ ਨੂੰ ਕਿਉਂ ਨੀ ਸੱਦਿਆ। ਮੌੜ ਸਾਹਿਬ ਫਿਰ ਪ੍ਰੀਤੇ ਦੀ ਗੇਮ ਦਾ ਦੀਵਾਨਾ ਹੋ ਗਿਆ ਤੇ ਵਧੀਆ ਮਿੱਤਰ ਬਣ ਗਿਆ।

"91 'ਚ ਕੈਨੇਡਾ ਵਰਲਡ ਕਬੱਡੀ ਕੱਪ ਮੌੜ,ਪ੍ਰੀਤਾ, ਬਲਕਾਰ ਸਿੰਘ ਤੇ ਪਾਕਿਸਤਾਨੀਂ ਖਿਡਾਰੀ ਅਮੀਂਨ ਜੱਟ ਵੇਖਣ ਗਏ। ਉਹ ਕੱਪ ਮੌੜ ਸਾਹਿਬ ਦੇ ਦਾਮਾਦ ਬਲਕਾਰ ਸਿੰਘ ਅਤੇ ਅਮੀਂਨ ਜੱਟ ਨੇ ਵੀ ਖੇਡਣਾ ਸੀ। ਸਾਰਾ ਸਟੇਡੀਅਮ ਖਚਾ-ਖਚ ਦਰਸ਼ਕਾਂ ਨਾਲ ਭਰਿਆ ਪਿਆ ਸੀ। ਮੌੜ ਤੇ ਪ੍ਰੀਤਾ 'ਕੱਠੇ ਬੈਠੇ ਸਨ। ਸਟੇਡੀਅਮ 'ਚ ਬੈਠੇ ਪ੍ਰੀਤੇ ਦਾ ਪਤਾ ਲੱਗ ਗਿਆ ਤੇ ਅਨਾਊਂਸਰ ਨੇ ਅਨਾਊਂਸ ਕਰ ਦਿਤਾ ਕਿ ਸਾਡੇ ਵਿੱਚਕਾਰ ਆਪਣੇਂ ਸਮੇਂ ਦਾ ਟਾਪ ਖਿਡਾਰੀ 'ਆਇਆ ਪ੍ਰੀਤਾ ਗਿਆ ਪ੍ਰੀਤਾ' ਵੀ ਬਿਰਾਜ਼ਮਾਨ ਨੇ। ਸਭ ਦੀਆਂ ਨਜ਼ਰਾਂ ਪ੍ਰੀਤੇ ਵੱਲ੍ਹ ਹੋ ਤੁਰੀਆਂ। ਪਿਛੇ ਬੈਠਾ ਇਕ ਬਜ਼ੁਰਗ ਉਠ ਕੇ ਖੜ ਗਿਆ ਤੇ ਕਹਿਣ ਲੱਗਾ,"ਨਾਂ ਤਾਂ ਬੜਾ ਸੁਣਿਆਂ ਸੀ, ਪ੍ਰੀਤੇ ਦਾ....! ਆਇਆ ਪ੍ਰੀਤਾ ਗਿਆ ਪ੍ਰੀਤਾ...!.. ਦਰਸ਼ਣ ਅੱਜ ਹੋਏ ਨੇ।" "ਬਜ਼ੁਰਗਾ ਆ ਤਾਂ ਗਿਆਂ, ਹੁਣ ਜਾਣਾ ਨੀ।"- ਹੱਸਦੇ ਪ੍ਰੀਤੇ ਨੇ ਬਜ਼ੁਰਗ ਨੂੰ ਜਵਾਬ ਦਿਤਾ।

ਅਗਰ ਮੌੜ ਨੇ ਪ੍ਰੀਤੇ ਦੀ ਕਬੱਡੀ ਨੂੰ ਪਸੰਦ ਕੀਤਾ ਸੀ ਤਾਂ ਪਹਿਲਵਾਨੀਂ ਚੋਂ ਬੁੱਧੂ ਭਲਵਾਨ ਨੂੰ ਪਸੰਦ ਕੀਤਾ। ਵੈਨਕੂਵਰ ਕਾਮਰੇਡਾਂ ਦੇ ਮੈਚਾਂ 'ਚ ਮੌੜ ਸਾਹਿਬ ਇੰਗਲੈਂਡ ਤੋਂ ਖਿਡਾਰੀਆਂ ਦੀ ਟੀਮਾਂ ਨਾਲ ਪਹਿਲਵਾਨ ਵੀ ਲੈ ਕੇ ਗਿਆ ਹੋਇਆ ਸੀ। ਭਾਰਤ ਦੀ ਪਹਿਲਵਾਨੀਂ 'ਚ ਉਸ ਵੇਲੇ ਬੁੱਧੂ ਦਾ ਪੂਰਾ ਨਾਂ ਸੀ। ਮੌੜ ਸਾਹਿਬ ਦੀ ਟੀਮ ਦੇ ਪਹਿਲਵਾਨ ਕਹਿਣ ਕਿ ਬੁੱਧੂ ਨਾਲ ਪਹਿਲਾਂ ਮੈਂ ਘੁੱਲਣਾ, ਕੋਈ ਕਹੇ ਮੈਂ ਘੁੱਲਣਾ...। ... ਮੌੜ ਚੁੱਪ-ਚਾਪ ਬੈਠਾ ਸੁਣੀਂ ਗਿਆ..। ਬੁੱਧੂ ਮੌੜ ਸਾਹਿਬ ਨੂੰ ਕਹਿਣ ਲੱਗਾ,"ਅੰਕਲ ਜੀ, ਕੋਈ ਗੱਲ ਨੀ..ਵਾਰੀ ਵਾਰੀ ਸਾਰਿਆਂ ਨੂੰ ਔਣ ਦਿਉ...।"

ਕੈਲੇਫ਼ੋਰਨੀਆਂ ਰਹਿੰਦਾ ਕਬੱਡੀ ਖਿਡਾਰੀ ਸਰਬਜੀਤ ਮਾਹਲ ਮੌੜ ਨੂੰ ਸੰਨ "85-86-97 'ਚ ਕੈਨੇਡਾ ਦੇ ਟਰਾਂਟੋਂ ਤੇ ਵੈਨਕੂਵਰ ਕਬੱਡੀ-ਕੱਪਾਂ 'ਚ ਅਕਸਰ ਮਿਲਦਾ ਰਹਿੰਦਾ ਸੀ। ਦੋ ਵਾਰ ਇੰਗਲੈਂਡ ਅਤੇ ਇਕ ਵਾਰ ਨਿਊਯਾਰਕ ਦੇ ਕਬੱਡੀ ਮੇਲੇ 'ਚ ਦਿਲ ਖੋਲ੍ਹ ਕੇ ਮਿਲਿਆ। ਮੌੜ ਨੂੰ ਉਹਨੇਂ ਕਬੱਡੀ ਖਿਡਾਰੀਆਂ ਨੂੰ ਪਿਆਰ ਕਰਨ ਵਾਲਾ ਸ਼ੁਗਲੀ ਸੁਭਾਅ ਦਾ ਇਨਸਾਨ ਦੱਸਿਆ। ਇਹ ਵੀ ਕਿਹਾ ਕਿ ਅਜੇਹੇ ਇਨਸਾਨ ਮੁਸ਼ਕਲ ਨਾਲ ਮਿਲਦੇ ਹਨ। ਟਰਾਂਟੋਂ ਰਹਿੰਦਾ ਜਰਮਨ ਚਾਹਲ ਕਬੱਡੀ ਖਿਡਾਰੀ ਵੀ ਮੌੜ ਵਰਗੇ ਚੰਗੇ ਇਨਸਾਨਾਂ ਦਾ ਕਦਰ ਕਰਦਾ ਹੈ, ਜਿਨ੍ਹਾਂ ਨੇ ਕਬੱਡੀ ਨੂੰ ਹਮੇਸ਼ਾਂ ਚੜ੍ਹਦੀਆਂ-ਕਲਾ ਵਿੱਚ ਰੱਖਿਆ ਹੈ। ਕਬੱਡੀ ਖਿਡਾਰੀ ਵੀ ਚੰਗੇ ਚੰਗੇ ਪ੍ਰਮੋਟਰਾਂ ਸਦਕਾ ਹੀ ਉਡਾਰੀਆਂ ਮਾਰਦੇ ਨੇ। ਉਹ ਮੌੜ ਵਰਗੇ ਸੱਜਣਾਂ ਦੀ ਬੜੀ ਇਜ਼ਤ ਕਰਦਾ ਹੈ ਤੇ ਕਰਦਾ ਰਹੇਗਾ।

ਮੌੜ ਸਾਹਿਬ ਨੇ ਜ਼ਿੰਦਗੀ ਦਾ ਹਰ ਪੱਖ ਵੇਖਿਆ। ਖਿਡਾਰੀਆਂ ਨੂੰ ਕਦੇ ਡੁੱਲਣ ਨਹੀਂ ਸੀ ਦਿਤਾ। ਖਿਡਾਰੀਆਂ ਦੇ ਨਾਲ ਨਾਲ ਰਿਸ਼ਤੇਦਾਰਾਂ ਨਾਲ ਵੀ ਹਰ ਤਰ੍ਹਾਂ ਖੜਾ ਹੋਇਐ। ਇੰਗਲੈਂਡ ਸੱਦ ਕੇ ਸੈਟਲ ਕੀਤੇ। ਉਹ ਪੁਰਾਣੇਂ ਸਮੇਂ ਨੂੰ ਵੀ ਨਹੀਂ ਕਦੇ ਭੁੱਲਿਆ। ਪਹਿਲੇ ਦਿਨ ਜਦੋਂ ਉਹ ਇੰਗਲੈਂਡ ਆਇਆ ਸੀ ਤੇ ਵੁਲਵਹੈਮਟਨ ਸਟੇਸ਼ਨ 'ਤੇ ਰਾਤ ਕੱਟੀ ਸੀ। ਉਹ ਜਦੋਂ ਵੀ ਉਸ ਸਟੇਸ਼ਨ ਮੂਹਰਿਉਂ ਲੰਘਦਾ ਤਾਂ ਪਰਿਵਾਰ ਜਾਂ ਯਾਰਾਂ-ਬੇਲੀਆਂ ਨੂੰ ਜਰੂਰ ਵਿਖਾਉਂਦਾ।

ਪੰਜਾਬੀ ਭਾਈਚਾਰੇ 'ਚ ਚੰਗੀਆਂ ਸੇਵਾਂਵਾਂ ਕਰਕੇ ਵੁਲਵਹੈਂਮਟਨ ਕੌਂਸਲ ਦੇ ਮੇਅਰ ਨੇ ਟਰਾਫ਼ੀ ਦੇ ਕੇ ਸਨਮਾਨਿਤ ਕੀਤਾ ਸੀ। ਐਮ ਪੀ ਸ. ਮੱਟੂ ਵੀ ਨਾਲ ਸਨ ਉਸ ਵੇਲੇ ।

ਸੰਨ "63 'ਚ ਮੌੜ ਸਾਹਿਬ ਨੱਥੂ ਚਾਹਲ ਦੀ ਨਸੀਬ ਕੌਰ ਨਾਲ ਵਿਆਹਿਆ ਗਿਆ ਸੀ। ਉਹ ਪੰਜ ਬੱਚਿਆਂ ਦਾ ਬਾਪ ਬਣਿਆਂ। ਤਿੰਨ ਬੇਟੀਆਂ ਤੇ ਦੋ ਬੇਟੇ। ਵੱਡੀ ਬੇਟੀ ਕੁਲਵਿੰਦਰ ਕੌਰ ਪੀ ਐਚ ਡੀ ਹੈ ਜੋ ਸੈਦੋਆਲ ਦੇ ਕਬੱਡੀ ਖਿਡਾਰੀ ਬਲਕਾਰ ਸਿੰਘ ਨਾਲ ਵਿਆਹੀ ਹੋਈ ਹੈ।। ਦੂਜੀ ਬੇਟੀ ਸੁਖਵਿੰਦਰ ਕੌਰ ਸਰਕਾਰੀ ਨੌਕਰੀ ਕਰ ਰਹੀ ਹੈ ਤੇ ਤੀਜੀ ਛੋਟੀ ਬੇਟੀ ਸਤਿੰਦਰ ਕੌਰ ਕੰਪਿਊਟਰ ਇੰਜਨੀਅਰ ਹੈ। ਵੱਡਾ ਬੇਟਾ ਬਲਜੀਤ ਸਿੰਘ ਕਾਰੋਬਾਰ ਕਰ ਰਿਹੈ। ਛੋਟਾ ਬੇਟਾ ਬਲਵੀਰ ਸਿੰਘ ਭਰ ਜੁਆਨੀਂ 'ਚ ਵਿਛੋੜਾ ਦੇ ਗਿਆ ਸੀ। ਬੇਟੇ ਦੇ ਬੇਵਕਤੀ ਚਲਾਣੇਂ ਨੇ ਮੌੜ ਸਾਹਿਬ ਨੂੰ ਝੰਜੋੜ ਕੇ ਰੱਖ ਦਿਤਾ ਸੀ। ਮੌੜ ਸਾਹਿਬ ਨੇ ਫਿਰ ਵੀ ਹੌਸਲਾ ਨਾ ਛੱਡਿਆ। ਪ੍ਰਮਾਤਮਾਂ ਦਾ ਭਾਣਾ ਮੰਨਿਆਂ।

ਮੱਦਦਗਾਰ ਦਾਨੀ ਸੱਜਣ ਤੇ ਕਬੱਡੀ ਦੇ ਮਸੀਹਾ ਸ. ਮਹਿੰਦਰ ਸਿੰਘ ਮੌੜ ਨੇ ਬਿਨ੍ਹਾਂ ਕਿਸੇ ਲੋਭ ਲਾਲਚ ਖਿਡਾਰੀਆਂ ਦੀ ਸੇਵਾ ਕੀਤੀ। ਨਾ ਕੋਈ ਮਜ਼ਹਬ/ਧਰਮ ,ਨਾ ਕੋਈ ਜਾਤ-ਪਾਤ ਤੇ ਨਾ ਹੀ ਰੰਗ-ਨਸਲ ਦਾ ਵਿਤਕਰਾ ਕੀਤਾ। ਸਗੋਂ ਹਰ ਤਕੜੇ ਖਿਡਾਰੀ ਨੂੰ ਹਿੱਕ ਨਾਲ ਲਾਇਆ। ਜੜ੍ਹਾਂ ਲਾਈਆਂ ਕਈ ਕਈ ਪੁਛਤਾਂ ਤਾਰ ਦਿਤੀਆਂ। ਤਾਹੀਉਂ ਅੱਜ ਖਿਡਾਰੀ ਉਹਨੂੰ ਦੇਵਤੇ ਵਾਂਗ ਪੂਜਦੇ ਹਨ।। ਉਮਰ ਦੇ ਲਿਹਾਜ਼ ਨਾਲ ਹੁਣ ਮੌੜ ਸਾਹਿਬ ਦੀ ਸੇਹਿਤ ਠੀਕ ਨਹੀਂ ਰਹਿੰਦੀ। ਜਲੰਧਰ ਹਸਪਤਾਲ ਦਾਖਲ ਹੈ। ਭਤੀਜ਼ਾ ਜੀਤਾ ਮੌੜ ਤੇ ਮਿੰਟੂ ਉਹਦੇ ਕੋਲ ਹਨ। ਪ੍ਰਮਾਤਮਾਂ ਉਹਨੂੰ ਤੰਦਰੁਸਤੀ ਬਖਸ਼ੇ, ਲੰਬੀਆਂ ਉਮਰਾਂ ਕਰੇ ਤੇ ਇਸੇ ਤਰ੍ਹਾਂ ਹੀ ਖਿਡਾਰੀਆਂ ਦੀ ਮੱਦਦ ਕਰਦਾ ਰਹੇ।

ਬੜੇ ਲੋਕਾਂ ਨੇ ਮੌੜ ਬਣਨ ਦੀ ਕੋਸ਼ਿਸ਼ ਕੀਤੀ...ਉਹਦੇ ਰਾਹਾਂ 'ਤੇ ਤੁਰਨ ਦੀ ਕੋਸ਼ਿਸ਼ ਕੀਤੀ..ਪਰ ਕਿਥੇ..?..ਇਹ ਹਰ ਇਕ ਦੇ ਬੱਸ ਦੀ ਗੱਲ ਨਹੀਂ ਹੁੰਦੀ...ਪ੍ਰਮਾਤਮਾਂ ਦੀ ਬਖਸ਼ਿਸ਼ ਹੁੰਦੀ ਹੈ... ਮੌੜ ਸਾਹਿਬ ਨੇ ਉਨ੍ਹਾਂ ਨੂੰ ਬੜਾ ਕਹਿਣਾ ਕਾਹਲੀ ਨਾ ਕਰੋ....ਕਾਹਲੀ ਨਾ ਕਰੋ...ਇਹ ਲੰਮੀਂ ਦੌੜ ਹੈ....ਤਸੱਲੀ ਰੱਖੋ...ਇਹ ਕੰਮ ਸੌਖੇ ਨਹੀਂ। ਪਰ ਨਾ ਮੰਨੇਂ... ਕਾਹਲੀ ਕਾਹਲੀ 'ਚ ਮੌੜ ਬਣਦੇ ਬਣਦੇ ਨੁਕਸਾਨ ਕਰਾ ਕੇ ਬਹਿ ਗਏ...ਪ੍ਰਮਾਤਮਾਂ ਨੇ ਲਿਖੀ ਹਰ ਇਨਸਾਨ ਦੀ ਆਪੋ-ਆਪਣੀਂ ਤਕਦੀਰ ਹੁੰਦੀ ਐ...ਉਹਦੇ ਰੰਗਾਂ ਦਾ ਉਹਨੂੰ ਪਤਾ ਹੁੰਦੈ..ਜੇ ਬੰਦੇ ਨੂੰ ਪਤਾ ਹੋਵੇ ਤਾਂ ਬੰਦਾ ਰੱਬ ਬਣ ਬੈਠੇ...ਮੌੜ ਵਰਗਾ ਨਛੱਤਰ ਕਿਸੇ ਭਾਗਾਂ ਵਾਲੇ ਦੇ ਹਿੱਸੇ ਹੀ ਆਉਂਦਾ ਹੈ।

ਮੌੜ ਨੇ ਅੱਜ ਤੱਕ ਜੋ ਵੀ ਕੀਤਾ,ਕਿਸੇ 'ਤੇ ਅਹਿਸਾਨ ਨਹੀਂ ਕੀਤਾ ਸਗੋਂ ਬੇਧੜਕ ਤੇ ਬੇਖ਼ੌਫ਼ ਜ਼ੁੰਮੇਂਵਾਰ ਹੋ ਕੇ ਫ਼ਰਜ ਨਿਭਾਏ..ਧਨ ਹੈ ਮੌੜ। (ਚੰਗੇ ਨੇਕ ਇਨਸਾਨਾਂ ਲਈ ਲੇਖਕ ਦੀ ਕਲਮ ਹਮੇਸ਼ਾਂ ਝੁਕ ਝੁਕ ਸਲਾਮਾਂ ਕਰਦੀ ਰਹੇਗੀ)

"ਖੇਡ-ਮੈਦਾਨਾਂ 'ਚ ਬੁੱਕਦੇ ਸਦਾ,
ਪੰਜਾਬ ਦੇ ਬੱਬਰ ਸ਼ੇਰ ਆਏ।
ਜਾਨ ਨਿਛਾਵਰ ਕਰਦੇ ਦਿਲ ਦੇ ਬਾਦਸ਼ਾਹ ,
ਮੌੜ ਮਰਦ ਦਲੇਰ ਆਏ।
ਜਸ ਖੱਟ ਲੈ ਖਿਡਾਰੀਆਂ ਤੋਂ "ਇਕਬਾਲ ਸਿੰਹਾਂ"
ਜ਼ਿੰਦਗੀ ਪਤਾ ਨਹੀਂ ਕਦੋਂ ਫੇਰ ਆਏ।"

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।

ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## Security Jobs - Security Guard Training - Licensing
GF1
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

## A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



## CELLNTELL DISTRIBUTION INC
### 1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here (905)793-2202
To Reach Wider Audience



# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943


Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

AGE 24 YEAR, 5'8inch GIRL, JATT SIKH BRAR, INDIAN, Grade 12 , HOTEL AND MANAGEMENT DIPLOMA, Contact no 416 729 0140 , 289 541 5227, 4372361257.. CAME IN CANADA ON STUDY PERMIT ALL FAMILY IN CANADA

UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential ▪ Commercial ▪ Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

